# ਹਰ ਧੁਖਦਾ ਪਿੰਡ ਮੇਰਾ ਹੈ

(ਗ਼ਜ਼ਲ ਸੰਗ੍ਰਹਿ)

**ਹੋਰ ਰਚਨਾਵਾਂ:**

| | |
|---|---|
| ਸ਼ੀਸ਼ਾ ਝੂਠ ਬੋਲਦਾ ਹੈ | (ਕਾਵਿ ਸੰਗ੍ਰਹਿ) 1978, 1992, 2003, 2011 |
| ਬੋਲ ਮਿੱਟੀ ਦਿਆਂ ਬਾਵਿਆ | (ਕਾਵਿ ਸੰਗ੍ਰਹਿ) 1992, 1999, 2003, 2009 |
| ਅਗਨ ਕਥਾ | (ਕਾਵਿ ਸੰਗ੍ਰਹਿ) 2000, 2003, 2010 |
| ਖ਼ੈਰ ਪੰਜਾਂ ਪਾਣੀਆਂ ਦੀ | (ਕਾਵਿ ਸੰਗ੍ਰਹਿ) 2005, 2006, 2009 |
| ਧਰਤੀ ਨਾਦ | (ਕਾਵਿ ਸੰਗ੍ਰਹਿ) 2006, 2008 |
| ਫੁੱਲਾਂ ਦੀ ਝਾਂਜਰ | (ਗੀਤ ਸੰਗ੍ਰਹਿ) 2006, 2012 |
| ਪਾਰਦਰਸ਼ੀ | (ਕਾਵਿ ਸੰਗ੍ਰਹਿ) 2008, 2014 |
| ਮਨ ਤੰਦੂਰ | (ਕਾਵਿ ਸੰਗ੍ਰਹਿ) 2014, 2015 |
| ਮੋਰ ਪੰਖ | (ਗ਼ਜ਼ਲ ਸੰਗ੍ਰਹਿ) 2010, 2021 |
| ਗੁਲਨਾਰ | (ਗ਼ਜ਼ਲ ਸੰਗ੍ਰਹਿ) 2015 |
| ਮਿਰਗਾਵਲੀ | (ਗ਼ਜ਼ਲ ਸੰਗ੍ਰਹਿ) 2016 (ਦੋ ਵਾਰ) |
| ਰਾਵੀ | (ਗ਼ਜ਼ਲ ਸੰਗ੍ਰਹਿ) 2018, 2019 |
| ਸੰਧੂਰਦਾਨੀ | (ਰੁਬਾਈਆਂ) 2019 |
| ਮਨ ਪਰਦੇਸੀ | (ਗ਼ਜ਼ਲ ਸੰਗ੍ਰਹਿ) 2019 |
| ਸੁਰਤਾਲ | (ਗ਼ਜ਼ਲ ਸੰਗ੍ਰਹਿ) 2021 |
| ਚਰਖ਼ੜੀ | (ਕਾਵਿ ਸੰਗ੍ਰਹਿ) 2021 |

| | | |
|---|---|---|
| ਪੱਤੇ ਪੱਤੇ ਲਿਖੀ ਇਬਾਰਤ | (ਰੁਬਾਈਆਂ) 2021 | (ਤੇਜ ਪ੍ਰਤਾਪ ਸਿੰਘ ਸੰਧੂ ਦੇ ਫ਼ੋਟੋ ਚਿੱਤਰਾਂ ਸਹਿਤ) |
| ਕੈਮਰੇ ਦੀ ਅੱਖ ਬੋਲਦੀ | (ਸੁਚਿੱਤਰ ਵਾਰਤਕ) 1999 | |

**ਸ਼ਾਹਮੁਖੀ ਵਿੱਚ ਪ੍ਰਕਾਸ਼ਿਤ ਸੰਗ੍ਰਹਿ**

| | |
|---|---|
| ਖ਼ੈਰ ਪੰਜਾਂ ਪਾਣੀਆਂ ਦੀ | (ਕਾਵਿ ਸੰਗ੍ਰਹਿ) 2005 |
| ਰਾਵੀ | (ਗ਼ਜ਼ਲ ਸੰਗ੍ਰਹਿ) 2019 |
| ਸੁਰਤਾਲ | (ਗ਼ਜ਼ਲ ਸੰਗ੍ਰਹਿ) 2021 |

**ਲੇਖਕ ਦੀਆਂ ਰਚਨਾਵਾਂ ਦੇ ਹੋਰਨਾਂ ਵੱਲੋਂ ਸੰਪਾਦਿਤ ਸੰਗ੍ਰਹਿ**

| | |
|---|---|
| ਸੁਰਖ਼ ਸਮੁੰਦਰ | (ਕਾਵਿ ਸੰਗ੍ਰਹਿ) 1992, 1994 |
| ਦੋ ਹਰਫ਼ ਰਸੀਦੀ | (ਗ਼ਜ਼ਲ ਸੰਗ੍ਰਹਿ) 1996, 2021 |
| ਮਨ ਦੇ ਬੂਹੇ ਬਾਰੀਆਂ | (ਗ਼ਜ਼ਲ ਸੰਗ੍ਰਹਿ) 2003, 2004, 2015 |
| ਤਾਰਿਆਂ ਦੇ ਨਾਲ ਗੱਲਾਂ ਕਰਦਿਆਂ | (ਗ਼ਜ਼ਲ ਸੰਗ੍ਰਹਿ) 2014, 2021 |

# ਹਰ ਧੁਖਦਾ ਪਿੰਡ ਮੇਰਾ ਹੈ

(ਗ਼ਜ਼ਲ ਸੰਗ੍ਰਹਿ)

ਗੁਰਭਜਨ ਗਿੱਲ

ਪੰਜਾਬੀ ਲੋਕ ਵਿਰਾਸਤ ਅਕਾਦਮੀ
ਲੁਧਿਆਣਾ

# Har Dhukhda Pind Mera Hai

Collection of Ghazals by

© Gurbhajan Singh Gill
113-F Shaheed Bhagat Singh Nagar,
Pakhowal Road, Ludhiana-141013
Mobile : 98726-31199

ISBN : 81-87526-99-8

Price : 150/-
First Print 1985
Second Print 2007
Third Revised and Enlarged Print 2021

*Sole Distributor*
**Singh Brothers**, Amritsar

*Publishers :*

**Satvik Books**
S.C.O. 225, City Centre
Amritsar

**Punjabi Lok Virasat Academy**
Ludhiana

*Printed at*
**Printwell**
146, Industrial Focal Point, Amristar

**ਸਮਰਪਣ**

**ਇਨ੍ਹਾਂ ਗ਼ਜ਼ਲਾਂ ਦੀ ਸਿਰਜਣਾ ਵਾਲੇ ਵਰ੍ਹਿਆਂ**

**1978-1985 ਦੌਰਾਨ**

**ਪਸਰੇ ਸਹਿਮ ਦੇ ਪਰਛਾਵਿਆਂ ਦੇ ਨਾਮ**

ਜਿਨ੍ਹਾਂ ਨੇ ਮੇਰੇ ਪੁੱਤਰ ਪੁਨੀਤਪਾਲ ਸਮੇਤ

ਕਰੋੜਾਂ ਬੱਚਿਆਂ ਦੇ ਸੁਪਨਿਆਂ ਨੂੰ ਧੁਆਂਖਿਆ।

ਉਹ ਵਕਤ ਧਰਤੀ ਤੇ ਕਦੇ ਨਾ ਆਵੇ,

**ਅਰਦਾਸ ਹੈ।**



ਰੇਖਾਂਕਣ: ਅਸੀਸ ਕੌਰ ਗਿੱਲ

ਜਿੱਥੇ ਕਿਧਰੇ ਚੀਕਾਂ ਤੇ ਕੁਰਲਾਹਟਾਂ ਦੀ ਆਵਾਜ਼ ਸੁਣੇ,
ਹਰ ਬਸਤੀ, ਘਰ, ਸ਼ਹਿਰ, ਦੇਸ਼ ਤੇ ਹਰ ਧੁਖਦਾ ਪਿੰਡ ਮੇਰਾ ਹੈ।

ਪੁਰਖ਼ਿਆਂ ਨੇ ਤਲਵਾਰ, ਢਾਲ਼ ਦੇ ਨਾਲ ਕਦੇ ਜੋ ਜਿੱਤਿਆ ਸੀ,
ਓਸ ਕਿਲ੍ਹੇ ਵਿੱਚ ਅੱਜ ਕੱਲ੍ਹ ਲੱਗਿਆ, ਵਿਸ਼-ਕੰਨਿਆ ਦਾ ਡੇਰਾ ਹੈ।

# ਤਤਕਰਾ


ਗ਼ਜ਼ਲਾਂ ਦੇ ਅੰਗ ਸੰਗ 9
ਮੇਰੀ ਨਜ਼ਰ ਵਿਚ 18
ਕਾਫ਼ਲਿਆਂ ਦਾ ਸਾਥ ਭਲਾ ਕੀ ਰਾਹ 21
ਇਕ ਬਦਲੋਟੀ ਤੁਰਦੀ ਜਾਂਦੀ ਥਲ 22
ਖ਼ੁਦਕਸ਼ੀ ਹੀ ਖ਼ੁਦਕਸ਼ੀ ਬੱਸ ਖ਼ੁਦਕਸ਼ੀ 23
ਅੰਨ੍ਹੀ ਬੋਲੀ ਰਾਤ ਹਨੇਰੀ ਰਹਿਣ ਦਿਉ 24
ਵਗਦਾ ਦਰਿਆ ਓਸ ਕੰਢੇ ਸਾਰੇ ਖੰਡਰ 25
ਸਿਖ਼ਰ ਦੁਪਹਿਰੇ ਕਾਂ-ਅੱਖ ਨਿਕਲੇ 26
ਅੱਧੀ ਰਾਤੀਂ ਗੋਲੀ ਚੱਲੀ ਵਰਤ 27
ਕਿਹੋ ਜਿਹਾ ਸ਼ਹਿਰ ਜਿੱਥੇ ਧੁੱਪ ਹੈ 28
ਕੁਤਰਿਆ ਉਸ ਇਸ ਤਰ੍ਹਾਂ ਸਾਡੇ ਪਰਾਂ ਨੂੰ 29
ਲਟ ਲਟ ਬਲ਼ਦੇ ਮੁਲਕ 'ਚ ਨੱਚਦਾ 30
ਅੱਖਾਂ ਵਿਚ ਉਨੀਂਦਾ ਰੜਕੇ ਉਮਰਾਂ ਦੇ 31
ਇਸ ਦੋਸਤੀ ਦੀ ਮਹਿਕ ਤਾਂ ਸਾਹਾਂ 32
ਜਿੰਨ੍ਹਾਂ ਜ਼ਿੰਦਗੀ ਗੁਜ਼ਾਰੀ ਵਾਵਰੋਲਿਆਂ 33
ਮੀਲਾਂ ਦੇ ਵਿਚ ਫ਼ੈਲ ਗਈ ਹੈ ਕਾਲੇ 34
ਕਰਕੇ ਜਿੰਨ੍ਹਾਂ ਨੂੰ ਯਾਦ ਮੈਂ ਰਾਤੀਂ ਸੀ 35
ਬੇ-ਮੌਸਮ ਬਰਸਾਤ ਮਧੋਲੀ ਫ਼ਸਲਾਂ 36
ਗੁਆਚੇ ਯਾਰ ਸਾਰੇ ਸ਼ਹਿਰ ਵਿਚ 37
ਪੈੜਾਂ ਤੇ ਕੁਝ ਰਿਸ਼ਤੇ ਨਵੇਂ ਨਵੇਲੇ 38
ਆਵਾਜ਼ ਮੇਰੀ ਪਰਤ ਕੇ ਆਈ ਨਾ 39
ਯਾਦਾਂ ਦੇ ਹਵਾਲੇ ਜਿੰਦ ਕੀਤਿਆਂ 40
ਜੂਨ ਜੁਲਾਈ ਸਿਰ ਤੇ ਬਲ਼ਦੀ 41
ਰੁਕ ਰੁਕ ਤੇਜ਼ ਹਵਾ ਨਾ ਚੱਲ 42
ਹਰ ਸੀਸ ਤੇਗ ਹੇਠਾਂ ਹਰ ਜਿਸਮ 43
ਬੜਾ ਚਿਰ ਜੀ ਲਿਆ ਮੈਂ ਪਿੰਡ ਦਿਆਂ 44
ਦਿਨ ਭਰ ਜਿਹੜੀ ਰਾਤ ਉਡੀਕਾਂ 45
ਜੇ ਮੂੰਹੋਂ ਬੋਲਦੀ ਸ਼ੀਰੀਂ ਗ਼ਜ਼ਲ ਦੀ ਬਹਿਰ 46
ਸਾਡੇ ਘਰ ਨੂੰ ਤੀਲੀ ਲਾ ਗਏ ਬਹੁ 47
ਅੱਧੀ ਰਾਤੇ ਜਦ ਕੋਈ ਤਾਰਾ ਟੁੱਟੇ ਤਾਂ 48
ਗਰਦ ਚੜ੍ਹੀ ਅਸਮਾਨੇ ਰਾਤਾਂ ਕਾਲੀਆਂ 49
ਜੇਕਰ ਬਿਜਲੀ-ਘਰ ਦੇ ਨੇੜੇ ਰੌਸ਼ਨ 50
ਅਖ਼ਬਾਰਾਂ 'ਚ ਰੋਜ਼ਾਨਾ ਮਰਿਆਂ ਦੀ 51
ਚੇਤੇ ’ਚੋਂ ਨਹੀਂ ਜਾਂਦੀ ਮੇਰੇ ਪਿਛਲੇ ਪਿੰਡ 52
ਹਾੜ੍ਹ-ਮਹੀਨਾ ਸਿਖ਼ਰ ਦੁਪਹਿਰਾ ਤੇਜ਼ ਹਵਾ 53
ਯਤਨ ਕਰਾਂਗਾ ਮੱਥੇ ਵਿਚਲੀ ਬਲ਼ਦੀ 54
ਅੰਗਾਂ ਦੇ ਵਿਚ ਵੜਦੀ ਜਾਵੇ ਠੰਢੀ 55
ਜੰਗਲ ਦੇ ਵਿਚ ਸ਼ਾਮ ਪਈ ਤੇ ਖ਼ੁਰਿਆ ਹੈ 56
ਜਿਨ੍ਹਾਂ ਦੇ ਪਿੰਡਿਆਂ ਦੇ ਉੱਤੇ ਲਿਸ਼ਕ 57
ਚੰਡੀਗੜ੍ਹ ਦੇ ਬਾਗ਼ 'ਚ ਜੀਕੂੰ ਖ਼ੁਸ਼ਬੋਹੀਣ 58
ਹੌਕਿਆਂ ਦੇ ਵਿਚ ਉਲਝ ਗਈ ਹੈ ਸਾਹਾਂ 59
ਚਾਰ ਚੁਫ਼ੇਰੇ 'ਨੇਰ੍ਹ ਦਾ ਪਹਿਰਾ ਗਠੜੀ 60
ਅੰਬਰ ਦੇ ਵਿਚ ਬਿਜਲੀ ਕੜਕੇ ਲਿਸ਼ਕੇ 61
ਆਲ ਦੁਆਲੇ ਲਾਟਾਂ ਵਗਦੀ ਗਰਮ ਹਵਾ 62
ਹਵਾ ਵਿਚ ਉੱਡ ਰਿਹਾ ਸਾਂ ਡਿੱਗ ਪਿਆ 63
ਤਪਦੇ ਥਲਾਂ ਦਾ ਪੈਂਡਾ ਸਾਹਾਂ ਦੀ ਰਾਸ 64
ਹਰ ਹਾਦਿਸੇ ਨੂੰ ਜਿਹੜਾ ਮਿਲਦਾ ਸੀ 65
ਸਾਂਭ ਕੇ ਕਾਗ਼ਜ਼ ਕਿਤਾਬਾਂ ਕੰਧ 66
ਜਦੋਂ ਪੰਛੀ ਪਰਾਂ ਨੂੰ ਤੋਲਦਾ ਹੈ 67
ਕੰਡਿਆਂ ਦੀ ਤਾਰ ਅੰਦਰ ਜ਼ਿੰਦਗੀ 68
ਹਾਦਸਿਆਂ ਦੀ ਦੁਨੀਆਂ ਅੰਦਰ ਅਜਬ 69
ਪਿੰਡ ਗਏ ਨੂੰ ਘੂਰਦੀਆਂ ਨੇ ਧੂੜਾਂ 70
ਬੰਦ ਕਮਰੇ ਵਿਚ ਬੈਠ ਪੜ੍ਹਾਂ ਮੈਂ ਰੋਜ਼ਾਨਾ 71
ਗੋਲੀਆਂ ਵਿੰਨ੍ਹੇ ਜਿਸਮ ਕੂਕਦੇ ਸੜਕਾਂ ਦਾ 72



ਰੇਖਾਂਕਣ: ਅਸੀਸ ਕੌਰ ਗਿੱਲ

ਡੋਲ ਰਿਹਾ ਕਿਉਂ ਮੇਰੇ ਹੁੰਦਿਆਂ, ਤੇਰਾ ਦੀਨ ਈਮਾਨ ਬਾਬਲਾ।
ਪੈਰਾਂ ਥੱਲੇ ਮਾਂ ਧਰਤੀ ਹੈ, ਸਿਰ ਛਤਰੀ ਅਸਮਾਨ ਬਾਬਲਾ।
ਮੈਂ ਤੇਰੀ ਅੱਖ ਵਿੱਚੋਂ ਪੜ੍ਹਿਆ, ਦਰਦ ਇਬਾਰਤ ਅੰਦਰ ਲਿਖਿਆ,
ਅਗਨ ਲਗਨ ਦੀ ਸ਼ਕਤੀ ਵਰਗੀ ਮੈਂ ਵੀ ਹਾਂ ਇਨਸਾਨ ਬਾਬਲਾ।

# ਗ਼ਜ਼ਲਾਂ ਦੇ ਅੰਗ ਸੰਗ

ਹਰ ਧੁਖਦਾ ਪਿੰਡ ਮੇਰਾ ਹੈ ਗੁਰਭਜਨ ਗਿੱਲ ਦਾ ਦੂਜਾ ਕਾਵਿ ਸੰਗ੍ਰਹਿ (ਗ਼ਜ਼ਲਾਂ) ਹੈ। ਇਸ ਬਾਰੇ ਲਿਖਣ ਲਈ ਹੱਥ ਵਿਚ ਕਲਮ ਫੜੀ ਤਾਂ ਮੈਨੂੰ ਇਕ ਦਮ ਲਿਡੀਆ (Lydia) ਦੀ ਕੁੜੀ ਅਰੈਕਨਾ (Arachne) ਦਾ ਚੇਤਾ ਆ ਗਿਆ। ਉਸ ਕੋਲ ਜੇ ਕੋਈ ਜਾਦੂ ਸੀ ਤਾਂ ਉਹ ਸੀ ਕਤਾਈ ਦੇ ਹੁਨਰ ਵਿਚ ਉਸਦੀ ਨਿਪੁੰਨਤਾ। ਯੂਨਾਨੀ ਮਿਥਿਹਾਸ ਦੀ ਇਕ ਪ੍ਰਾਚੀਨ ਕਥਾ ਅਨੁਸਾਰ ਲਿਡੀਅਨ ਮੁਟਿਆਰ ਦਾ ਜਾਦੂ ਇਕ ਦਿਨ ਉਸ ਦੇ ਸਿਰ ਚੜ੍ਹ ਕੇ ਬੋਲ ਪਿਆ। ਕੁੜੀ ਨੇ ਅਥੀਨਾ (Athena) ਨੂੰ ਲਲਕਾਰਿਆ : ਜੇ ਤੂੰ ਸੱਚੀਂ ਸਿਆਣਪ ਦੀ ਦੇਵੀ ਏਂ ਤਾਂ ਮੇਰੇ ਬਰਾਬਰ ਮੇਰੇ ਵਰਗਾ ਕੱਤ ਕੇ ਤਾਂ ਵਿਖਾ। ਦੇਵੀ ਅੱਗੇ ਹੀ ਮਿਜ਼ਾਜ਼ ਦੀ ਤੇਜ਼ ਸੀ। ਕਰੋਧ ਵਿਚ ਆਈ ਨੇ ਲਿਡੀਅਨ ਲੜਕੀ ਦਾ ਰੂਪ ਬਦਲ ਕੇ ਉਸ ਨੂੰ ਤੱਤਕਾਲ ਮੱਕੜੀ ਬਣਾ ਦਿੱਤਾ। ਇਹ ਭਾਵੇਂ ਬੜੀ ਮਾੜੀ ਘਟਨਾ ਸੀ ਪਰ ਮੁਟਿਆਰ ਲਈ ਉਲਟਾ ਵਰਦਾਨ ਸਿੱਧ ਹੋਈ। ਉਹ ਅੰਦਰ ਹੀ ਅੰਦਰ ਪਹਿਲਾਂ ਨਾਲੋਂ ਵੀ ਮਹੀਨ ਸੂਤ ਕੱਤ ਕੇ ਮੂੰਹ ਵਿਚੋਂ ਬੜੇ ਕੂਲੇ ਕੂਲੇ ਰੇਸ਼ੇ ਬਾਹਰ ਕੱਢਣ ਲੱਗੀ।

ਪਤਾ ਨਹੀਂ ਕਿਹੜੀਆਂ ਪ੍ਰਸਥਿਤੀਆਂ ਨੇ ਰੋਹ ਵਿਚ ਆਕੇ ਗੁਰਭਜਨ ਗਿੱਲ ਨੂੰ ਇਕ ਕਵੀ ਤੋਂ ਗ਼ਜ਼ਲਗੋ ਬਣਾ ਦਿੱਤਾ। ਇਸ ਅਚਾਨਕ ਕਾਇਆ-ਪਲਟ ਦਾ ਸਿੱਟਾ ਸਭ ਦੇ ਸਾਹਮਣੇ ਹੈ। ਤੀਖਣ ਬੁੱਧੀ ਵਾਲਾ ਇਹ ਗਜ਼ਲਕਾਰ ਸੋਚ ਦੀਆਂ ਹੋਰ ਵੀ ਡੂੰਘੀਆਂ ਤਹਿਆਂ ਦੀ ਥਾਹ ਲੈਣ ਲੱਗ ਪਿਆ ਹੈ। ਉਸ ਨੂੰ ਹੋਰ ਵੀ ਨੀਝ ਲਾ ਕੇ ਵੇਖਣ ਦੀ ਜਾਚ ਆ ਗਈ ਹੈ। ਪੰਜਾਬੀ ਗ਼ਜ਼ਲ ਵਿਚ ਉਸ ਦੀ ਅੱਖ ਦਾ ਦਿਮਾਗ਼ (Eye-Brain) ਹੋਰ ਵੀ ਚੜ੍ਹਦੀਆਂ ਕਲਾਂ ਵਿਚ ਅਤੇ ਉਸ ਦੀ ਕਲਾਤਮਕ ਉੱਤਮਤਾ ਅਤੇ ਸਿਰਜਣਾਤਮਕ ਸਮਰਥਾ ਦੀ ਪੀਘ ਪੂਰੇ ਹੁਲਾਰੇ ਤੇ ਹੈ।

ਨਿਰਸੰਦੇਹ ਕਵਿਤਾ ਵਿਚ ਗੁਰਭਜਨ ਗਿੱਲ ਦੀ ਸਿਰਜਣਸ਼ੀਲ ਤੇ ਮੌਲਿਕ ਯਾਤਰਾ ਅਜਾਈਂ ਨਹੀਂ ਗਈ। ਕਵੀ ਦੇ ਤੌਰ ਤੇ ਜਿਹੜੀ ਸੋਝੀ ਉਸ ਨੂੰ ਢੇਰ ਸਾਰੀਆਂ ਇਕਾਈਆਂ ਦੀ ਸ਼ਕਲ ਵਿਚ ਪ੍ਰਾਪਤ ਹੁੰਦੀ ਰਹੀ, ਗ਼ਜ਼ਲ ਵਿਚ ਉਹ ਹੋਰ ਵੀ ਸੰਪੂਰਨ ਤੇ ਸਮੂਹਿਕ ਰੂਪ ਧਾਰਨ ਕਰਦੀ ਪ੍ਰਤੀਤ ਹੁੰਦੀ ਹੈ। ਜੇ ਉਸ ਨੇ ਕਵਿਤਾ ਵਿਚ ਪਹਿਲਾਂ ਬੜੀ ਕਰੜੀ ਕਾਵਿ ਸਾਧਨਾ ਨਾ ਕੀਤੀ ਹੁੰਦੀ ਤਾਂ ਉਸ ਦੀ ਗ਼ਜ਼ਲ ਵਿਚ ਚਿੰਨ੍ਹ ਰਚਨਾ ਤੇ ਰੂਪ-ਸਿਰਜਣਾ ਦੀ ਵਿਧੀ ਪੂਰੇ ਜਲੌਅ ਤੇ ਨਾ ਹੁੰਦੀ।

ਪੰਜਾਬੀ ਦੇ ਨਵੇਂ ਗ਼ਜ਼ਲਗੋਆਂ ਵਿਚ ਅਜੇ ਵੀ ਇਕ ਪੋਚ ਵਰਤਮਾਨ ਸਮਾਜਕ ਅਨਿਆਂ ਵਿਰੁੱਧ ਆਪਣੇ ਸੰਘਰਸ਼ ਵਿਚ ਕਵਿਤਾ ਨੂੰ ਹਥਿਆਰ ਬਣਾਉਣ ਤੇ ਤੁਲਿਆ ਹੋਇਆ ਹੈ। ਮੇਰੀ ਜਾਚੇ ਇਹ ਪ੍ਰਵਿਰਤੀ ਘਿਨਾਉਣੀ ਤਾਂ ਕਹਿਣਾ, ਬਹੁਤੀ ਭੰਡਣ ਯੋਗ ਵੀ ਨਹੀਂ। ਜੇ ਇਹ ਵੀ ਆਖ ਲਿਆ ਜਾਵੇ ਕਿ ਅਜਿਹੀ ਰੁਚੀ ਮਨੁੱਖੀ ਸੁਭਾਅ ਦੇ ਇਕ ਅਤਿ ਆਵੱਸ਼ਕ ਮੂਲ ਤਕਾਜ਼ੇ ਨੂੰ ਪੂਰਾ ਕਰਦੀ ਹੈ ਤਾਂ ਅਨੁਚਿਤ ਨਹੀਂ। ਪਰ ਦੁਖਾਂਤ ਤਾਂ

ਉਸ ਸਮੇਂ ਵਾਪਰਦਾ ਹੈ ਜਦੋਂ ਕੋਈ ਅਨਾੜੀ ਗ਼ਜ਼ਲਕਾਰ ਇਸ ਹਥਿਆਰ ਨੂੰ ਪੁੱਠਾ ਸਿੱਧਾ ਜਿਵੇਂ ਵੀ ਵੱਜੇ, ਮਾਰਨ ਲੱਗ ਜਾਂਦਾ ਹੈ।

ਗੁਰਭਜਨ ਗਿੱਲ ਨੇ ਆਪਣੀ ਅਸਾਧਾਰਣ ਕਲਾ-ਕੁਸ਼ਲਤਾ ਨੂੰ ਸਦਾ ਸੰਦ ਦੇ ਤੌਰ ਤੇ ਹੀ ਵਰਤਿਆ ਹੈ, ਕਵਿਤਾ ਵਿਚ ਵੀ ਤੇ ਗ਼ਜ਼ਲ ਵਿਚ ਵੀ। ਇਕ ਕਲਾਕਾਰ ਦੇ ਤੌਰ ਤੇ ਉਸ ਨੇ ਆਪਣੀ ਕਾਵਿ-ਪ੍ਰਤਿਭਾ ਰਾਹੀਂ ਯੂਨਾਨੀ ਦੇਵ-ਮਾਲਾਈ ਲੜਾਕੀ ਔਰਤ ਐਮਾਜ਼ਾਨ (Amazon) ਦਾ ਰੋਲ ਹੀ ਨਿਭਾਇਆ ਹੈ। ਇਹ ਵੱਖਰੀ ਗੱਲ ਹੈ, ਇਸ ਸੂਰਬੀਰ ਇਸਤਰੀ ਨੇ ਜਿੰਨਾ ਚਿਰ ਰਚਨਾ ਦੀ ਥੱਲਵੀਂ ਮੰਜ਼ਿਲ ਵਿਚ ਇਕ ਕਵੀ ਦੀ ਜੂਨ ਭੋਗੀ, ਉਸ ਨੂੰ ਦੂਰ ਤਕ ਮਾਰ ਕਰਨ ਵਾਲੇ ਹਥਿਆਰਾਂ ਦੀ ਲੋੜ ਨਹੀਂ ਪਈ। ਪਹਿਲੀ ਛੱਤ ਹੇਠ ਉਸ ਦੇ ਹੱਥ ਇਸ ਲਈ ਉੱਪਰ ਸਨ ਕਿ ਉਸ ਨੂੰ ਅਨੁਕੂਲ ਪੈਂਤੜੇ ਦੀਆਂ ਸਾਰੀਆਂ ਸਹੂਲਤਾਂ ਪ੍ਰਾਪਤ ਸਨ। ਕਿਉਂਕਿ ਇਸ ਮੰਜ਼ਿਲ ਦੀਆਂ ਸਾਰੀਆਂ ਤਾਕੀਆਂ ਬਾਹਰਲੀ ਬੀਹੀ ਵਿਚ ਖੁੱਲਦੀਆਂ ਸਨ, ਧਰਤੀ ਦੀ ਵਾਸ਼ਨਾ ਉਸ ਦੇ ਅੰਗ ਸੰਗ ਰਹਿੰਦੀ। ਨਿੱਕੇ ਤੋਂ ਨਿੱਕਾ ਹਾਦਿਸਾ ਭਾਵੇਂ ਕਿੰਨਾ ਪੋਲੇ ਪੈਰੀਂ ਉਸਦੇ ਲਾਗਿਉਂ ਦੀ ਲੰਘਦਾ ਉਹਦੇ ਕੰਨ ਉਸ ਦੀ ਬਿੜਕ ਲੈਣੋਂ ਨਾ ਖੁੰਝਦੇ। ਗਲੀ ਦੇ ਸ਼ੋਰ ਨਾਲ ਜੇ ਉਸ ਨੂੰ ਆਪਣੇ ਕੰਨ ਪਾਟਦੇ ਪ੍ਰਤੀਤ ਹੁੰਦੇ ਤਾਂ ਮਿੱਟੀ ਦੀ ਗੋਲੀ ਚਲਾਉਣ ਵਾਲੀ ਕਮਾਨ ਨਾਲ ਹੀ ਅਚੇਤ ਮਨ ਵਿਚੋਂ ਉੱਠਦੇ ਰੌਲੇ ਦੇ ਸਾਹ ਸੂਤ ਲੈਂਦੀ। ਵਿਸ਼ਲੇਸ਼ਣਾਤਮਕ ਪ੍ਰਕ੍ਰਿਆ ਦਾ ਝੱਲ ਉੱਠਦਾ ਤਾਂ ਅੰਤਰ-ਝਾਤ ਦੇ ਪੱਛਣੇ ਨਾਲ ਆਪਣੇ ਅੰਤਹਕਰਣ ਤੇ ਛੋਟੇ ਛੋਟੇ ਚੀਰ ਲਾਉਣ ਲੱਗ ਪੈਂਦੀ। ਜਦੋਂ ਜੀਅ ਕਰਦਾ ਇਕ ਕਦਮ ਵਧਾ ਕੇ ਗਲੀ ਵਿਚ ਉੱਤਰ ਜਾਂਦੀ ਤੇ ਕਲਮ ਦੀ ਨੋਕ ਵਿਚ ਵਿਅੰਗ ਦੀ ਅਣੀ ਜੜ ਕੇ ਜਦੋਂ ਗਲੀਓ ਗਲੀ ਘੁੰਮਦੀ ਤਾਂ ਹਰ ਕੋਝੀ ਝਾਕੀ ਦੀ ਸ਼ਾਮਤ ਆ ਜਾਂਦੀ। ਜਿਥੇ ਉਸ ਨੂੰ ਭੀੜਾਂ ਵਿਚ ਵੀ ਆਪਣੀ ਇਕਾਂਤ ਦਾ ਬੜਾ ਤੀਖਣ ਅਨੁਭਵ ਹੁੰਦਾ ਓਥੇ ਉਸ ਦੀ ਨਿੱਜੀ ਹੋਂਦ ਦਾ ਚਿਹਰਾ ਹੋਰ ਵੀ ਨਿੱਖ਼ਰ ਨਿੱਖ਼ਰ ਜਾਂਦਾ।

ਇਹੋ ਲੜਾਕੂ ਤੀਵੀਂ ਜਦੋਂ ਪੰਜਾਬੀ ਗ਼ਜ਼ਲ ਦੀ ਰਣਭੂਮੀ ਵਿਚ ਜੂਝਣ ਲੱਗੀ ਤਾਂ ਉਸ ਨੂੰ ਆਪਣੀ ਯੁੱਧ-ਕਲਾ ਦਾ ਸਾਰਾ ਢਾਂਚਾ ਮੁੜ ਤੋਂ ਬਦਲਣਾ ਪਿਆ। ਉਸਨੇ ਜੇ ਮੋਰਚਾ ਸੰਭਾਲਿਆ ਤਾਂ ਵੀ ਚੁਬਾਰੇ ਵਿਚ। ਚੁਬਾਰੇ ਵਿਚ ਹੀ ਨਹੀਂ ਸਗੋਂ ਇਸ ਦੀ ਉੱਪਰਲੀ ਛੱਤ ਉੱਤੇ। ਇਸ ਯੁੱਧ ਖੇਤਰ ਸਦਕਾ ਜਿੱਥੇ ਉਸ ਨੂੰ ਫ਼ਿਜ਼ਾ ਵਿਚ ਲੰਬੇ ਲੰਬੇ ਸਾਹ ਲੈਣ ਦਾ ਉਸ ਨੂੰ ਦੁਰਲੱਭ ਅਵਸਰ ਮਿਲ ਗਿਆ, ਉਥੇ ਉਸ ਨੂੰ ਲੰਬੀ ਮਾਰ ਵਾਲੇ ਹਥਿਆਰ ਵਰਤਣ ਦਾ ਮੌਕਾ ਵੀ ਨਸੀਬ ਹੋਇਆ। ਅੱਗੇ ਜਿਸ ਝਾਤ ਲਈ ਕੇਵਲ ਬੀਹੀ ਦੀ ਲੰਬਾਈ ਚੌੜਾਈ ਹੀ ਉਸ ਦੀ ਦੁਰੇਡੀ ਤੋਂ ਦੁਰੇਡੀ ਸੀਮਾ ਸੀ, ਹੁਣ ਉਹ ਏਨੀ ਦੂਰਦਰਸ਼ੀ ਹੋ ਗਈ ਕਿ ਉਸ ਦਾ ਘੇਰਾ ਸਾਰੇ ਆਕਾਸ਼ ਤੇ ਸਾਰੀ ਧਰਤੀ ਦੀ ਲੰਮੀ ਤੋਂ ਲੰਮੀ ਦੂਰ ਦੀ ਝਾਕੀ ਤਕ ਫ਼ੈਲ ਚੁੱਕਾ ਸੀ। ਹੁਣ ਤੇ ਉਸ ਦੀ ਵਿਸ਼ਾਲ ਤੇ ਵਿਸਤ੍ਰਿਤ ਦ੍ਰਿਸ਼ਟੀ ਦੀ ਅੱਖ ਵਿਚ ਉਹ ਸੀਮਾ ਰੇਖਾ ਵੀ ਕੰਡੇ ਵਾਂਗ ਰੜਕਦੀ ਜਿੱਥੇ ਧਰਤੀ ਤੇ ਆਕਾਸ਼ ਦੀ ਸਦੀਵੀ ਸਮਵਿੱਥਤਾ ਬੁਰੀ ਤਰ੍ਹਾਂ ਦਮ ਤੋੜ ਰਹੀ ਹੁੰਦੀ। ਹੁਣ ਉਹ ਆਪਣੇ ਨਿਰੀਖਣ ਦੀ ਕਮਾਨ ਦੇ ਡੋਰੇ ਨੂੰ ਏਨੇ ਜ਼ੋਰ ਨਾਲ ਖਿੱਚ ਕੇ ਪੰਛੀ-ਝਾਤ ਦਾ ਤੀਰ ਚਲਾਉਂਦੀ ਕਿ ਇਹ ਪਲਾਂ ਵਿਚ

ਹੀ ਸਾਰੇ ਬ੍ਰਹਿਮੰਡ ਨੂੰ ਆਪਣੀ ਲਪੇਟ ਵਿਚ ਲੈਂਦਾ ਹੋਇਆ ਸਿੱਧੇ ਦਿੱਸਹੱਦੇ ਦੇ ਕਾਲਜੇ ਵਿਚ ਵੱਜਦਾ।

ਇਸ ਮਿਥਿਹਾਸਕ ਦ੍ਰਿਸ਼ਟਾਂਤ ਦੇ ਹਵਾਲੇ ਤੋਂ ਮੇਰਾ ਭਾਵ ਸਪਸ਼ਟ ਹੈ। ਉਹ ਇਹ ਕਿ ਗੁਰਭਜਨ ਗਿੱਲ ਜਦ ਤੋਂ ਗ਼ਜ਼ਲ ਲਿਖਣ ਲੱਗਾ ਹੈ, ਉਸਦੀ ਵਿਚਾਰਧਾਰਾ ਦੀ ਸਾਰੀ ਰੂਪਰੇਖਾ ਹੀ ਬਦਲ ਗਈ ਹੈ। ਕਾਵਿ-ਸੰਸਾਰ ਵਿਚ ਗੁਰਭਜਨ ਨੇ ਜਿਹੜੀ ਪੀੜ ਆਪ ਭੋਗੀ ਅਤੇ ਜਿਹੜੇ ਹੁਲਾਸਾਂ ਦਾ ਆਨੰਦ ਆਪ ਹੀ ਮਾਣਿਆ, ਹੁਣ ਇਨ੍ਹਾਂ ਵਿਚ ਪੂਰਾ ਜ਼ਮਾਨਾ ਉਸ ਦਾ ਭਾਈਵਾਲ ਹੈ। ਹੁਣ ਉਸ ਦੇ ਜੀਵਨ-ਅਨੁਭਵ ਦਾ ਦ੍ਰਿਸ਼ਟੀਕੋਣ ਵਿਅਕਤੀਗਤ ਨਹੀਂ, ਸਮੂਹਿਕ ਹੈ। ਉਸ ਨੂੰ ਭਲੀ ਭਾਂਤ ਗਿਆਨ ਹੈ ਕਿ ਸਮਾਜ ਨਾਲੋਂ ਟੁੱਟ ਕੇ ਉਸ ਦੀ ਹੋਂਦ ਦੇ ਕੋਈ ਅਰਥ ਨਹੀਂ ਰਹਿ ਜਾਂਦੇ।

ਹੁਣ ਉਹ ਅਜੋਕੇ ਕਾਲ ਦੇ ਵਿਚਾਰਾਂ ਤੇ ਭਾਵਨਾਵਾਂ ਦੇ ਨਾਲ ਅਜੋਕੇ ਕਾਲ ਦੇ ਰੁਝਾਨ ਦਾ ਵੀ ਭਲੀ ਭਾਂਤ ਜਾਣੂੰ ਹੈ ਤਦੇ ਤਾਂ ਗੁਰਭਜਨ ਜ਼ਮਾਨੇ ਦੇ ਮੋਢੇ ਨਾਲ ਮੋਢਾ ਜੋੜ ਕੇ ਚੱਲਦਾ ਹੈ। ਹੁਣ ਉਸ ਦੀ ਆਵਾਜ਼ ਥਲਾਂ ਵਿਚ ਗੁਆਚੀ ਹਾਕ ਵਾਂਗ ਨਹੀਂ, ਸਗੋਂ ਕਾਫ਼ਲੇ ਦੇ ਸਭ ਤੋਂ ਮੂਹਰਲੇ ਊਠ ਦੇ ਗਲ਼ ਵਿਚ ਪਈਆਂ ਉਨਾਂ ਟੱਲੀਆਂ ਦੀ ਨਿਰੰਤਰ ਟੁਣਕਾਰ ਹੈ ਜਿਹੜੀ ਨਾ ਕੇਵਲ ਦਿਸ਼ਾਹੀਨ ਯਾਤਰਾ ਲਈ ਇਕ ਸੇਧ ਹੋ ਨਿਬੜਦੀ ਹੈ ਸਗੋ ਬਾਕੀ ਦੇ ਕਾਰਵਾਂ ਦੀ ਸਲਾਮਤੀ ਦੀ ਵੀ ਗਵਾਹ ਹੈ।

ਗੁਰਭਜਨ ਗਿੱਲ ਦੀ ਗ਼ਜ਼ਲ ਦਾ ਪ੍ਰਮੁੱਖ ਲੱਛਣ ਨਾ ਕੇਵਲ ਗ਼ਮ ਨਾਲ ਇਸ ਦਾ ਗੂੜ੍ਹਾ ਨਾਤਾ ਹੈ, ਬਲਕਿ ਹੁਣ ਤੱਕ ਇਸ ਨਾਲ ਨਿਰਬਾਹ ਦੀ ਇਕ ਲੰਮੀ ਦਾਸਤਾਨ ਵੀ। ਇਹ ਰਿਸ਼ਤਾ ਟੁੱਟਣ ਵਿਚ ਕਿਉਂ ਨਹੀਂ ਆਉਂਦਾ? ਕਮਾਲ ਹੈ, ਮੋਮ ਹੁਣ ਤੱਕ ਅੱਗ ਨਾਲ ਦੋਸਤੀ ਨਿਭਾਈ ਜਾ ਰਿਹੈ। ਪਰ ਮੇਰੇ ਲਈ ਇਹ ਕੋਈ ਅਸਚਰਜਤਾ ਵਾਲੀ ਗੱਲ ਨਹੀਂ। ਗੁਰਭਜਨ ਗਿੱਲ ਨੇ ਜਦ ਹੁਣ ਤੱਕ ਜ਼ਿੰਦਗੀ ਦਾ ਸਲੂਣਾ ਗ਼ਮ ਰੱਜ ਰੱਜ ਕੇ ਖਾਧਾ ਹੈ, ਫਿਰ ਉਹ ਜ਼ਿੰਦਗੀ ਦਾ ਲੂਣ ਹਰਾਮ ਕਰਕੇ ਅਕ੍ਰਿਤਘਣ ਕਿਉਂ ਅਖਵਾਵੇ ?

ਪਤਾ ਨਹੀਂ ਮੈਂ ਕਿਉਂ ਇਹ ਦੱਸੇ ਬਿਨਾਂ ਨਹੀਂ ਰਹਿ ਸਕਦਾ ਕਿ ਗੁਰਭਜਨ ਗਿੱਲ ਨੇ ਗ਼ਜ਼ਲ ਦੀਆਂ ਚੋਖੀਆਂ ਨਿਸ਼ਚਤ ਬਹਿਰਾਂ ਵਿਚੋਂ ਕੇਵਲ ਦੋ ਤਿੰਨ ਬਹਿਰਾਂ ਹੀ ਵਰਤੀਆਂ ਹਨ, ਹਾਲਾਂ ਕਿ ਹਰ ਗ਼ਜ਼ਲ ਦਾ ਮੂਲ-ਆਧਾਰ ਇਸ ਦੀ ਬਹਿਰ ਹੀ ਤਾਂ ਹੁੰਦੀ ਹੈ। ਹੋਰ ਵੀ ਅਜੀਬ ਗੱਲ ਇਹ ਹੈ, ਜਿਹੜੀਆਂ ਦੋ ਤਿੰਨ ਬਹਿਰਾਂ ਵਰਤੀਆਂ ਗਈਆਂ ਹਨ, ਉਨ੍ਹਾਂ ਦੀ ਗਿਣਤੀ ਵੀ ਨਾਮ-ਮਾਤਰ ਹੀ ਹੈ। ਇਹ ਦੋ ਤਿੰਨ ਬਹਿਰਾਂ ਵੀ ਠੀਕ ਨਿਭਾਈਆਂ ਗਈਆਂ ਹਨ ਜਾਂ ਗਲਤ। ਇਸ ਵਾਧੂ ਦੇ ਵਾਦ ਵਿਵਾਦ ਵਿਚ ਪੈ ਕੇ ਮੈਂ ਮੱਲੋ ਮੱਲੀ ਦਾ ਦੋਸ਼ੀ ਨਹੀਂ ਬਣਨਾ ਚਾਹੁੰਦਾ। ਮੇਰਾ ਕੰਮ ਤਾਂ ਇਨ੍ਹਾਂ ਗ਼ਜ਼ਲਾਂ ਦਾ ਵਿਸ਼ਾ-ਵਸਤੂ ਪਰਖ਼ਣਾ ਹੈ। ਚਮਤਕਾਰ ਤਾਂ ਇਹ ਹੈ ਕਿ ਛੇ ਸੱਤ ਗ਼ਜ਼ਲਾਂ ਨੂੰ ਛੱਡ ਕੇ ਬਾਕੀ ਦੀਆਂ ਸਾਰੀਆਂ ਭਾਵੇਂ ਲੰਮੇ ਸੂਰਾਂ ਵਾਲੇ ਇਕ ਛੰਦ ਵਿਚ ਲਿਖੀਆਂ ਗਈਆਂ ਹਨ, ਫੇਰ ਵੀ ਦੋ ਮਾਤਰਾ ਵਾਲੇ ਸ਼ਬਦਾਂਗਾਂ ਨੇ ਗੁਰਭਜਨ ਗਿੱਲ ਦੇ ਅਨੇਕਾਂ ਵੰਨ ਸੁਵੰਨੇ ਵਿਚਾਰਾਂ ਨੂੰ ਇਉਂ ਸਮੋ ਲਿਆ ਹੈ ਕਿ ਗੁਰਭਜਨ ਗਿੱਲ ਮਿਰਜ਼ਾ ਗਾਲਿਬ ਵਾਂਗ ਇਕ ਵਾਰ ਵੀ "ਤੰਗਨਾਏ ਗ਼ਜ਼ਲ" ਦਾ

ਰੋਣਾ ਨਹੀਂ ਰੋਂਦਾ। ਹੋਰ ਤਾਂ ਹੋਰ, ਇਕ ਪਾਠਕ ਹੋਣ ਦੇ ਨਾਤੇ ਮੈਨੂੰ ਵੀ 'ਤੰਗਨਾਏ ਗ਼ਜ਼ਲ' ਦਾ ਖ਼ਿਆਲ ਨਹੀਂ ਆਇਆ।

ਭਾਵੇਂ ਮੇਰਾ ਮੁੱਖ ਵਿਸ਼ਾ ਇਨ੍ਹਾਂ ਗ਼ਜ਼ਲਾਂ ਦੀ ਵਿਚਾਰ ਸਾਮੱਗਰੀ ਪਰਖਣਾ ਹੈ, ਪਰ ਇਨ੍ਹਾਂ ਰਚਨਾਵਾਂ ਦੀ ਬੁਣਤੀ ਕਿਹੋ ਜਿਹੇ ਤਾਣੇ-ਪੇਟੇ ਨਾਲ ਵਰਤਮਾਨ ਰੂਪ ਵਿਚ ਉਜਾਗਰ ਹੋਈ ਹੈ, ਇਸ ਬਾਰੇ ਵੀ ਬਹੁਤ ਕੁਝ ਆਖਿਆ ਜਾ ਸਕਦਾ ਹੈ ਪਰ ਮੈਂ ਸੰਖੇਪ ਵਿਚ ਹੀ ਇਸ ਪੱਖ ਨੂੰ ਉਘਾੜਨ ਦਾ ਜਤਨ ਕਰਾਂਗਾ। ਗੁਰਭਜਨ ਗਿੱਲ ਸ਼ਬਦ ਦੇ ਛਿਲਕੇ ਨਾਲ ਚਿੰਬੜੇ ਅਰਥਾਂ ਤੇ ਬਹੁਤ ਘੱਟ ਟੇਕ ਰੱਖਦਾ ਹੈ। ਉਹ ਸ਼ਬਦਾਂ ਦੇ ਸਰੀਰ ਵਿਚ ਵਿਚਾਰਾਂ ਦੀ ਰੂਹ ਕੁਝ ਇਉਂ ਫ਼ੂਕਦਾ ਹੈ ਕਿ ਉਸ ਦੇ ਮਨੋਭਾਵ ਆਪਣੇ ਆਪ ਲਿਸ਼ਕਾਰੇ ਮਾਰਨ ਲੱਗ ਪੈਂਦੇ ਹਨ। ਸ਼ਬਦ ਇਕ ਨਵਾਂ ਮੋੜ ਕੱਟ ਕੇ ਆਪਣੇ ਅਰਥ ਪਾਠਕਾਂ ਸਾਹਮਣੇ ਉਘਾੜਦੇ ਹਨ।

ਦੂਜੇ ਸ਼ਬਦਾਂ ਵਿਚ ਗੁਰਭਜਨ ਗਿੱਲ ਦੇ ਸ਼ਬਦ ਆਪਣੀਆਂ ਪੁਰਾਣੀਆਂ ਕੁੰਜਾਂ ਲਾਹ ਕੇ ਅਰਥਾਂ ਦੇ ਇਕ ਨਵੇਂ ਸੰਸਾਰ ਦੇ ਸਾਖਿਆਤ ਦਰਸ਼ਨ ਕਰਾਉਂਦੇ ਪ੍ਰਤੀਤ ਹੁੰਦੇ ਹਨ। ਇਕ ਹੋਰ ਤੱਥ ਜਿਹੜਾ ਮੇਰੇ ਮਨ ਨੂੰ ਟੁੰਬਦਾ ਹੈ, ਉਹ ਇਹ ਹੈ ਕਿ ਗੁਰਭਜਨ ਗਿੱਲ ਚਿੰਨ੍ਹ ਨੂੰ ਇਕਹਿਰੀ ਇਕਾਈ ਦੇ ਰੂਪ ਵਿਚ ਕਦੇ ਪ੍ਰਗਟ ਨਹੀਂ ਕਰਦਾ ਕਿਉਂਕਿ ਪ੍ਰਤੀਕ ਦਾ ਇਕ ਪਾਸੜ ਰੂਪ ਸੰਖੇਪ ਤੌਰ ਤੇ ਕਵਿਤਾ ਵਿਚ ਹੀ ਵਧੇਰੇ ਸਫ਼ਲਤਾ ਨਾਲ ਵਰਤਿਆ ਜਾ ਸਕਦਾ ਹੈ, ਉਸ ਨੇ ਤਾਂ ਪੰਜਾਬੀ ਗ਼ਜ਼ਲ ਵਿਚ ਇਕ ਵਿਸ਼ੇਸ਼ ਪ੍ਰਕਾਰ ਦਾ ਪ੍ਰਤੀਕਾਤਮਕ ਵਾਤਾਵਰਣ ਉਸਾਰਿਆ ਹੈ।

ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਇਸ ਦ੍ਰਿਸ਼ਟਮਾਨ ਸੰਸਾਰ ਦੇ ਪਿੱਛੇ ਇਕ ਹੋਰ ਸੰਸਾਰ ਲੁਕਿਆ ਹੋਇਆ ਹੈ। ਹਰ ਝਾਕੀ ਦੇ ਅੰਤਰੀਵ ਵਿਚ , ਇਕ ਨਿਰੋਲ ਅੱਡਰਾ ਦ੍ਰਿਸ਼ ਉਦੈ ਹੁੰਦਾ ਹੈ। ਇਕ ਮੂਰਤ ਪੂਰੇ ਭੂ-ਦ੍ਰਿਸ਼ (Land-scape) ਨੂੰ ਗਤੀਸ਼ੀਲ ਦੁਭਾਸ਼ੀਏ ਦੇ ਰੂਪ ਵਿਚ ਪ੍ਰਸਤੁਤ ਕਰਦੀ ਹੈ। ਇਹ ਅਵਸਥਾ ਲੁਕ ਲੁਕਾਅ ਤੇ ਪਸਾਰ ਦੀ ਨਹੀਂ ਹੁੰਦੀ, ਬਲਕਿ ਇਸ ਨਾਲ ਗ਼ਜ਼ਲ ਦੀ ਸੁੰਦਰਤਾ ਅਤੇ ਚਿੰਨ੍ਹਾਤਮਕਤਾ ਵਿਚ ਚੋਖਾ ਵਾਧਾ ਹੋ ਜਾਂਦਾ ਹੈ ਗੁਰਭਜਨ ਗਿੱਲ ਦੀ ਸਭ ਤੋਂ ਵੱਡੀ ਦੇਣ ਇਹ ਹੈ ਕਿ ਉਸ ਨੇ ਗ਼ਜ਼ਲ ਦੇ ਸਰਬ-ਜਨਕ, ਵਿਆਪਕ ਤੇ ਲੌਕਿਕ ਵਾਤਾਵਰਣ ਨੂੰ ਪ੍ਰਤੀਕ ਦੀ ਖ਼ੁਸ਼ਰੰਗ ਫ਼ਿਜ਼ਾ ਵਿਚ ਪ੍ਰਵਰਤਿਤ ਕਰਨ ਦੀ ਚੇਸ਼ਟਾ ਕੀਤੀ ਹੈ। ਜਿਵੇਂ ਉਹ ਸ਼ਬਦ ਦੇ ਅੰਤਹਕਰਣ ਵਿਚੋਂ ਆਪਣੇ ਵਿਅਕਤੀਗਤ ਅਨੁਭਵ ਦੀ ਕੰਬਦੀ ਡੋਲਦੀ ਕਿਰਨ ਜਗਾਉਣ ਦੀ ਕਲਾ ਜਾਣਦਾ ਹੈ ਤਿਵੇਂ ਉਹ ਯਥਾਰਥ ਦੇ ਰਹੱਸ-ਮਈ ਭੇਦਾਂ ਨੂੰ ਗੱਠਾਂ ਦੇਣ ਦੀ ਥਾਂ ਇਕ ਸੱਚੇ ਸਿਰਜਕ ਵਾਂਗ ਗਜ਼ਲ ਵਿਚ ਜਿਗਿਆਸਾ ਦੀ ਪ੍ਰਕਿਰਿਆ ਨੂੰ ਪਰਤਿਆਉਣ ਦੇ ਗੁਰ ਤੋਂ ਵੀ ਅਣਜਾਣ ਨਹੀਂ। ਇਸ ਨੂੰ ਅਨੁਭਵ ਦਾ ਟਿਕਵਾਂ ਸਿੱਧਾ ਸਪਾਟ ਗਿਆਨ ਦੇਣ ਦੀ ਥਾਂ ਗੁਰਭਜਨ ਗਿੱਲ ਉਸ ਨੂੰ ਪੁਨਰ-ਸਿਰਜਣਾ ਵਿਚੋਂ ਦੀ ਲੰਘਣ ਦਾ ਸੱਦਾ ਦਿੰਦਾ ਹੈ। ਉਸ ਦੀ ਗ਼ਜ਼ਲ ਦਾ ਇਹ ਨਿਵੇਕਲਾ ਪ੍ਰਤੀਕਾਤਮਕ ਅੰਦਾਜ਼ ਹੇਠ ਲਿਖੇ ਸ਼ਿਅਰਾਂ ਵਿਚ ਸੱਚ ਮੁੱਚ ਆਪਣੇ ਸਿਖ਼ਰ-ਬਿੰਦੂ ਤੇ ਹੈ :

> ਬੰਜਰ ਧਰਤੀ, ਰੇਤਲੇ ਟਿੱਬੇ ਪੁੰਗਰਿਆ ਸੀ ਆਸ ਦਾ ਬੀਜ,
> ਪਾਣੀ ਦੀ ਥਾਂ ਬੀਬੀ ਰਾਣੀ ਗੱਲੀ ਬਾਤੀ ਸਾਰ ਗਈ।
>
> ਜਿਨ੍ਹਾਂ ਰੁੱਖਾਂ ਕੋਲ ਫੁੱਲ ਫ਼ਲ ਹਰੇ ਪੱਤ ਸਨ,
> ਏਸਾ ਸੇਕਿਆ ਹਵਾ ਨੇ ਹੋਏ ਕੋਲਿਆਂ ਦੇ ਵਾਂਗ।
>
> ਬੇਬਸ ਬੱਚਾ ਉਲਝ ਗਿਆ ਹੈ ਜੇਕਰ ਪਿਲਚੀ ਡੋਰ ਦੇ ਨਾਲ,
> ਕਾਗ਼ਜ਼ ਦੀ ਗੁੱਡੀ ਸੰਗ ਜੁੜਿਆ ਉੱਡਣ ਦਾ ਸੁਪਨਾ ਤਾਂ ਦੇਖ।
>
> ਰਾਤਾਂ ਦੇ ਜਗਰਾਤੇ ਕੱਟ ਕੇ ਜੋ ਬੁਣਿਆ,
> ਨੇੜੇ ਆਇਆ ਸੁਪਨਾ ਹੱਥੋਂ ਤਿਲਕ ਗਿਆ।
>
> ਬੰਦਿਆਂ ਦਾ ਇਤਬਾਰ ਭਲਾ ਮੈਂ ਕੀ ਕਰਦਾ ਇਸ ਰੁੱਤੇ,
> ਰੁੱਖਾਂ ਨਾਲ ਖਲੋਤਾ ਮੈਂ ਹਾਂ ਜਾਂ ਪੱਤ ਵਿਰਲਾ ਟਾਵਾਂ।

ਉਪਰੋਕਤ ਭਾਂਤ ਦੇ ਸ਼ਿਅਰਾਂ ਵਿਚ ਉਹ ਦਰਦੀਲੀ ਹੂਕ ਵੀ ਹੈ ਜਿਹੜੀ ਗ਼ਜ਼ਲ ਦੇ ਆਂਤਰਿਕ ਸੁਭਾਅ ਦਾ ਅਨਿੱਖੜਵਾਂ ਅੰਗ ਹੁੰਦੀ ਹੈ ਅਤੇ ਉਹ ਬਿਜਲਈ ਰੌਂਅ ਵੀ ਜਿਹੜੀ ਗ਼ਜ਼ਲ ਦੀ ਅੰਤਰ ਆਤਮਾ ਤੇ ਨੂਰ ਅੰਦਰਲੀ ਡੂੰਘਾਣ ਵਿਚੋਂ ਪਾਠਕ ਵੱਲ ਆਪ ਮੁਹਾਰੇ ਛਾਲਾਂ ਮਾਰਦੀ ਨੱਸੀ ਆਉਂਦੀ ਹੈ।

ਉਕਤ ਟੂਕਾਂ ਤੋਂ ਇਹ ਵੀ ਸਪਸ਼ਟ ਹੈ ਕਿ ਗੁਰਭਜਨ ਗਿੱਲ ਦੀ ਗ਼ਜ਼ਲ ਵਿਚ ਪ੍ਰਗਟਾਉ ਸਿੱਧਾ ਤੇ ਪ੍ਰਤੱਖ ਨਹੀਂ, ਸਗੋਂ ਵਿੰਗਾ, ਟੇਢਾ, ਅਸਿੱਧਾ, ਅਪ੍ਰਤੱਖ ਤੇ ਪਰੋਖ ਭਾਂਤ ਦਾ ਹੈ।

ਗੁਰਭਜਨ ਨੇ ਪੰਜਾਬੀ ਗ਼ਜ਼ਲ ਨੂੰ ਜਿਹੜਾ ਨਵੀਨ ਲਹਿਜਾ ਪ੍ਰਦਾਨ ਕੀਤਾ ਹੈ, ਉਸ ਦੀ ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚੋਂ ਹਾਸ-ਰਸ ਦੀ ਉਹ ਨਿਵੇਕਲੀ ਲਹਿਰ ਵੀ ਉਛਾਲੇ ਮਾਰਦੀ ਹੈ ਜਿਹੜੀ ਵਿਅਕਤੀ ਨਾਲ ਸੰਬੰਧਿਤ ਹੈ, ਜਿਵੇਂ ਹੇਠਲੇ ਸ਼ਿਅਰ ਤੋਂ ਸਪਸ਼ਟ ਹੈ :

> ਆਪਣਾ ਆਪ ਲੁਕਾ ਕੇ ਭਾਵੇਂ ਪਿੰਜਰੇ ਦੇ ਵਿਚ ਵਾਸ ਕਰਾਂ,
> ਉੱਡਣ ਦੀ ਸਿਖਲਾਈ ਦੇਵਾਂ, ਪਰ-ਕਟਿਆਂ ਦੀਆਂ ਡਾਰਾਂ ਨੂੰ।

ਉਪਰਲੇ ਸ਼ਿਅਰ ਵਿਚ ਗ਼ਜ਼ਲਗੋ ਨੇ ਜਿਵੇਂ ਨਿੱਜੀ ਹੋਂਦ ਨਾਲ ਹੀ ਟਿੱਚਰ ਕੀਤੀ ਹੈ ਉਹ ਸੱਚ ਮੁੱਚ ਬੜੀ ਵਿਲੱਖਣ ਤੇ ਅਦੁੱਤੀ ਹੈ। ਹੰਝੂਆਂ ਦੀ ਅੰਤਰਧਾਰਾ ਵਿਚੋਂ ਮੁਸਕਰਾਹਟ ਦੀ ਮੌਜ ਨੂੰ ਉਭਾਰਨਾ ਸਹੀ ਆਧੁਨਿਕ ਦ੍ਰਿਸ਼ਟੀਕੋਣ ਨਹੀਂ ਤਾਂ ਹੋਰ ਕੀ ਹੈ ?

ਗੁਰਭਜਨ ਗਿੱਲ ਦਾ ਇਕ ਹੋਰ ਕਮਾਲ ਇਹ ਹੈ ਕਿ ਉਹ ਵਿਨਾਸ਼ ਤੇ ਉਸਾਰ ਦੇ ਸੰਗਮ ਤੇ ਖਲੋ ਕੇ ਨਵੀਂ ਗ਼ਜ਼ਲ ਨੂੰ ਜਨਮ ਦੇਂਦਾ ਹੈ। ਉਸ ਦੀ ਗ਼ਜ਼ਲ ਜਿੱਥੇ ਇਕ ਬੰਨੇ ਤੋੜ ਫੋੜ ਤੇ ਅਵਿਵਸਥਾ ਦਾ ਰੋਣਾ ਰੋਂਦੀ ਹੈ, ਉਥੇ ਦੂਜੇ ਪਾਸੇ ਉਹ ਉਸ ਆਕ੍ਰਿਤੀ ਦੇ ਦਰਸ਼ਨ ਵੀ ਕਰਾਉਂਦੀ ਹੈ ਜਿਹੜੀ ਪੁਰਾਣੇ ਮਲਬੇ ਹੇਠੋਂ ਪ੍ਰਗਟ ਹੋ ਕੇ ਇਕ ਦਮ

ਆਪਣੀ ਹੋਂਦ ਦੀ ਘੋਸ਼ਣਾ ਕਰਦੀ ਪ੍ਰਤੀਤ ਹੁੰਦੀ ਹੈ। ਅਗਲੇ ਦੋਵੇਂ ਸ਼ਿਅਰ ਉਪ੍ਰੋਕਤ ਤੱਥਾਂ ਦੀ ਭਲੀ ਭਾਂਤ ਗਵਾਹੀ ਭਰਦੇ ਹਨ।

ਸਾਉਣ-ਛਰਾਟੇ ਵਰ੍ਹਨ ਦੇ ਮਗਰੋਂ ਵਗ ਪਈ ਤੇਜ਼ ਹਨ੍ਹੇਰੀ,
ਫ਼ਸਲਾਂ ਦਾ ਲੱਕ ਟੁੱਟਿਆ ਹਾਲੇ ਸਿਰ ਤੇ ਘਟ ਘਨਘੋਰ।

ਸੱਜੇ ਖੱਬੇ ਸਿਰ ਤੇ ਅਗਨੀ,
ਆਸ-ਕਰੂੰਬਲ ਫਿਰ ਵੀ ਪਲਦੀ।

ਗੁਰਭਜਨ ਗਿੱਲ ਦੀ ਗ਼ਜ਼ਲ ਨਾ ਕੇਵਲ ਵੀਹਵੀ ਸ਼ਤਾਬਦੀ ਦੀ ਬੰਜਰ/ਰੱਕੜ ਧਰਤੀ (Waste Land) ਵਿਚੋਂ ਸਿਰ ਚੁੱਕਦੇ ਪਰਛਾਵਿਆਂ ਨੂੰ ਹੀ ਵੇਖਦੀ ਹੈ ਬਲਕਿ ਉਨ੍ਹਾਂ ਦੇ ਵਧਦੇ ਕਦਮਾਂ ਦੀ ਚਾਪ ਨੂੰ ਵੀ ਚੁਪਾਸੀਂ ਪਸਰੀ ਚੁੱਪ ਨਾਲ ਕੰਨ ਲਾ ਲਾ ਕੇ ਸੁਣਦੀ ਹੈ :

ਜੇ ਰਾਤਾਂ ਕਾਲੀਆਂ ਤੇ ਲੰਮੀਆਂ ਏਦਾਂ ਹੀ ਰਹੀਆਂ ਤਾਂ,
ਮੈਂ ਕੀਕਣ ਚਾਨਣੀ ਵਿਚ ਫ਼ਲਣ ਵਾਲਾ ਬਿਰਖ਼ ਲਾਵਾਂਗਾ ?

ਅੱਧੀ ਰਾਤੇ ਜਦ ਕੋਈ ਤਾਰਾ ਟੁੱਟੇ ਤਾਂ,
ਮੈਨੂੰ ਜਾਪੇ ਮੈਂ ਹੀ ਕਿਤਿਉਂ ਤਿੜਕ ਗਿਆ।

ਆਮ ਵੇਖਣ ਵਿਚ ਆਉਂਦਾ ਹੈ ਕਿ ਕਵੀ-ਦਰਬਾਰਾਂ ਵਿਚ ਉਹ ਸ਼ਿਅਰ ਬੇਪਨਾਹ ਦਾਦ ਲੈਂਦੇ ਹਨ ਜਿਹੜੇ ਕੁਝ ਰਾਜਨੀਤਕ ਜਾਂ ਸਮਾਜਕ ਕਰਵਟਾਂ ਵੱਲ ਸਾਫ਼ ਸੰਕੇਤ ਕਰਦੇ ਹੋਣ। ਦੂਜੇ ਸ਼ਬਦਾਂ ਵਿਚ ਅਜੋਕੀ ਯੁਗ ਚੇਤਨਾ ਦਾ ਹਾਣੀ ਹੀ ਆਮ ਲੋਕਾਂ ਵਿਚ ਆਪਣੀ ਗ਼ਜ਼ਲ ਦੀ ਧਾਂਕ ਜਮਾ ਸਕਦਾ ਹੈ। ਗੁਰਭਜਨ ਗਿੱਲ ਦੀ ਗ਼ਜ਼ਲ ਦੀ ਇਕ ਪ੍ਰਮੁੱਖ ਖੂਬੀ ਇਹ ਵੀ ਹੈ ਕਿ ਇਹ ਸਮੇਂ ਦੀ ਨਬਜ਼ ਪਛਾਣਦੀ ਹੈ। ਵੰਨਗੀ ਵਜੋਂ, ਕੁਝ ਸ਼ਿਅਰ ਵੀ ਹਾਜ਼ਰ ਹਨ :

ਚੰਡੀਗੜ੍ਹ ਦੇ ਜੰਡ ਕਰੀਰਾਂ ਸੜਕਾਂ ਕੋਲ ਤਾਂ ਚਾਨਣ ਹੈ,
ਸਾਡੇ ਪਿੰਡ ਦੇ ਅੰਦਰ ਬਾਹਰ ਕਾਲਾ ਘੋਰ ਹਨ੍ਹੇਰਾ ਹੈ।

ਸਾਡੇ ਘਰ ਨੂੰ ਤੀਲੀ ਲਾ ਗਏ ਬਹੁ-ਰੰਗੇ ਅਖ਼ਬਾਰ,
ਅੰਨ੍ਹੇ ਕਾਣੇ ਫਿਰਨ ਘੁਮਾਉਂਦੇ ਦੋਧਾਰੀ ਤਲਵਾਰ।

ਬੰਦ ਕਮਰੇ ਵਿਚ ਬੈਠ ਪੜ੍ਹਾਂ ਮੈਂ ਰੋਜ਼ਾਨਾ ਅਖ਼ਬਾਰਾਂ ਨੂੰ।
ਫਿਰ ਵੀ ਕਾਹਦੇ ਲਈ ਖ਼ਤਰਾ ਜਾਪੇ ਮੇਰੇ ਤੋਂ ਸਰਕਾਰਾਂ ਨੂੰ।

ਕੁਝ ਮੌਸਮ ਦੀ ਭੇਟ ਚੜ੍ਹ ਗਿਆ, ਬਾਕੀ ਜੋ ਵੀ ਬਚਿਆ,
ਦਾਣਾ ਫੱਕਾ ਹੂੰਝ ਕੇ ਲੈ ਗਏ ਰਲ਼ ਮੰਡੀਆਂ ਦੇ ਚੋਰ।

ਦੋ ਮਾਸਕ ਪੱਤਰਾਂ 'ਸਾਹਿੱਤਕਾਰ' ਤੇ 'ਲੋਅ' ਵਿਚ ਗੁਰਭਜਨ ਗਿੱਲ ਦੀਆਂ ਦੋ ਵੱਖ ਵੱਖ ਗ਼ਜ਼ਲਾਂ ਦਾ ਜਿਹੜਾ ਵਿਸ਼ਲੇਸ਼ਣਾਤਮਕ ਅਧਿਐਨ ਸੰਖੇਪ ਜਿਹੀਆਂ ਟਿੱਪਣੀਆਂ ਦੇ ਰੂਪ ਵਿਚ ਮੈਂ ਪਹਿਲਾਂ ਹੀ ਪ੍ਰਸਤੁਤ ਕਰ ਚੁੱਕਾ ਹਾਂ, ਮੈਂ ਉਸ ਵਿਚੋਂ ਕੁਝ ਅੰਸ਼ਾਂ ਨੂੰ ਜੇ ਇਸ ਲੇਖ ਵਿਚ ਵੀ ਦੁਹਰਾਵਾਂ ਤਾਂ ਅਨੁਚਿਤ ਨਹੀਂ ਹੋਵੇਗਾ। ਅਨੁਚਿਤ ਇਸ ਲਈ ਨਹੀਂ ਕਿ ਇਸ ਗ਼ਜ਼ਲਕਾਰ ਦੀਆਂ ਰਚਨਾਵਾਂ ਵਿਚਲੀ ਵਿਚਾਰ-ਸਾਮੱਗਰੀ ਭਾਵੇਂ ਕਿੰਨੀ ਹੀ ਵੰਨ-ਸੁਵੰਨੀ ਹੈ ਪਰ ਉਸ ਦੀ ਵਿਚਾਰਧਾਰਾ ਦੇ ਪ੍ਰਵਾਹ ਵਿਚ ਜੋ ਇਕਸਾਰਤਾ ਹੈ, ਉਹ ਹੈਰਾਨ ਕਰਨ ਵਾਲੀ ਹੈ। ਉਸ ਦੀ ਸ਼ੈਲੀ ਤੇ ਲਹਿਜਾ ਭਾਵੇਂ ਦੋਵੇਂ ਨਵੇਂ ਨਿਵੇਕਲੀ ਸੁਰ ਵਾਲੇ ਹਨ, ਪ੍ਰੰਤੂ ਇਨ੍ਹਾਂ ਦਾ ਸੁਭਾਅ ਘੜੀ ਮੁੜੀ ਬਦਲਦਾ ਰਹਿਣ ਵਾਲਾ ਨਹੀਂ ਅਤੇ ਨਾ ਹੀ ਉਸ ਦੀਆਂ ਪ੍ਰਗਟਾਅ ਵਿਧੀਆਂ ਦਾ ਨਿਭਾਅ ਕੋਈ ਬਹੁਤਾ ਮਨ-ਮੌਜੀ ਤੇ ਲੋਰ-ਮੱਤਾ ਹੈ। ਦੋ ਕੁ ਟਿੱਪਣੀਆਂ ਵਿਚ ਹੀ ਉਸਦੀ ਗ਼ਜ਼ਲ ਨੇ ਮੇਰੇ ਮਨ ਵਿਚ ਜੋ ਆਪਣਾ ਸੰਕਲਪ ਉਘਾੜਿਆ, ਉਸ ਦਾ ਪਰਛਾਵਾਂ ਇਸ ਸੰਗ੍ਰਹਿ ਹਰ ਧੁਖਦਾ ਪਿੰਡ ਮੇਰਾ ਹੈ ਦੀਆਂ ਸਾਰੀਆਂ ਗ਼ਜ਼ਲਾਂ ਵਿਚ ਸਹਿਜੇ ਵੇਖਿਆ ਜਾ ਸਕਦਾ ਹੈ।

ਉਪਰੋਕਤ ਧਾਰਨਾ ਦੇ ਆਧਾਰ ਤੇ ਮੇਰੀ ਇਹ ਰਾਇ ਹੈ ਕਿ ਗੁਰਭਜਨ ਗਿੱਲ ਰਦੀਫ਼ ਤੋਂ ਸੱਖਣੀ ਗ਼ਜ਼ਲ ਲਿਖਣੀ ਵਧੇਰੇ ਪਸੰਦ ਕਰਦਾ ਹੈ, ਹਾਲਾਂਕਿ ਉਹ ਜਾਣਦਾ ਹੈ ਕਿ ਰਦੀਫ਼-ਵਿਹੂਣੀ ਗ਼ਜ਼ਲ ਵਿਚੋਂ ਸੰਗੀਤ ਦਾ ਜਾਦੂ ਕਾਫ਼ੀ ਹੱਦ ਤੱਕ ਮਨਫ਼ੀ ਹੋ ਜਾਂਦਾ ਹੈ। ਜਾਪਦਾ ਹੈ ਕਿ ਉਸਨੂੰ ਏਨਾ ਲਯ ਤਾਲ ਨਾਲ ਮੋਹ ਨਹੀਂ, ਜਿੰਨਾ ਯਥਾਰਥ ਚਿਤਰਣ ਨਾਲ ਹੈ । ਕਈ ਵਾਰ ਜੇ ਰਦੀਫ਼ ਦੀ ਵਰਤੋਂ ਕਰ ਵੀ ਬੈਠੇ ਤਾਂ ਉਸ ਦਾ ਲੜ ਇਕ ਵਿਉਂਤ ਨਾਲ ਲਮਕਦਾ ਰਹਿਣ ਦੇਂਦਾ ਹੈ।

ਵੇਖਣ ਨੂੰ ਤਾਂ ਉਸ ਦੀ ਗ਼ਜ਼ਲ ਦੇ ਮਿਸਰਿਆਂ ਦੀਆਂ ਕੰਨੀਆਂ ਵਿਸਮਿਕ ਤੇ ਪ੍ਰਸ਼ਨਾਤਮਕ ਚਿੰਨਾਂ ਦੀ ਝਾਲਰ ਨਾਲ ਸਜੀਆਂ ਬੜੀਆਂ ਸੁੰਦਰ ਤੇ ਕਲੋਲਮਈ ਜਾਪਦੀਆਂ ਹਨ ਪਰ ਉਨ੍ਹਾਂ ਦੇ ਲਹਿਰਾਏ ਦ੍ਰਿਸ਼ ਹੇਠੋਂ ਗੁਰਭਜਨ ਗਿੱਲ ਦੇ ਮਨ ਦੀ ਮੱਠੀ ਮੱਠੀ ਪੀੜ ਹਟ ਹਟ ਕੇ ਨਿੱਕੇ ਨਿੱਕੇ ਹਟਕੋਰੇ ਭਰਦੀ ਸਾਫ਼ ਦਿਖਾਈ ਦਿੰਦੀ ਹੈ।

ਗੁਰਭਜਨ ਨੂੰ ਪਤਾ ਹੈ ਕਿ ਵਿਚਾਰਾਂ ਨੂੰ ਜਦ ਤੀਕ ਸ਼ਬਦਾਂ ਦਾ ਪ੍ਰਗਟ ਰੂਪ ਨਾ ਦਿੱਤਾ ਜਾਵੇ, ਇਨਾਂ ਦੀ ਹੋਂਦ ਦਾ ਪ੍ਰਮਾਣ ਨਹੀਂ ਦਿੱਤਾ ਜਾ ਸਕਦਾ ਇਸ ਲਈ ਉਹ ਅਤੀਤ, ਭਵਿੱਖ ਤੇ ਵਰਤਮਾਨ ਨੂੰ ਇਕ ਅਜਿਹੀ ਕ੍ਰਮਬੱਧ ਕ੍ਰਿਆ ਦੇ ਸੰਚੇ ਵਿਚ ਢਾਲਦਾ ਹੈ ਕਿ ਆਪਣੇ ਸੀਮਿਤ ਤੇ ਸੰਖੇਪ ਜਿਹੇ ਜੀਵਨ ਵਿਚ ਪਦਾਰਥਕ ਸੰਸਾਰ ਰਾਹੀਂ ਗ੍ਰਹਿਣ ਕੀਤਾ ਸਾਰਾ ਕੌੜਾ ਅਨੁਭਵ ਉਸ ਦੇ ਸ਼ਿਅਰਾਂ ਵਿਚ ਪ੍ਰਤੱਖ ਵੇਖਿਆ ਜਾ ਸਕਦਾ ਹੈ। ਭਾਵੇਂ ਉਹ

ਅੰਦਰੋਂ ਪਹਿਲਾਂ ਹੀ ਤਿੜਕਿਆ ਤਿੜਕਿਆ ਤੇ ਖੰਡਿਤ ਹੋਇਆ ਜਾਪਦਾ ਹੈ ਪਰ ਉਹ ਵਿਅਰਥ ਦੇ ਸੁਪਨੇ ਵੇਖੀ ਜਾਣ ਤੋਂ ਫੇਰ ਵੀ ਨਹੀਂ ਟਲਦਾ, ਭਾਵੇਂ ਉਹ ਹੋਰ ਵੀ ਖ਼ੇਰੂੰ ਖ਼ੇਰੂੰ ਹੋ ਕੇ ਰਹਿ ਜਾਵੇ। ਉਸ ਦਾ ਅਨੁਭਵ ਬਾਕੀ ਸਾਰੀਆਂ ਬੋਧ -ਇੰਦਰੀਆਂ ਨਾਲੋਂ ਤਿੱਖਾ ਹੈ। ਉਸ ਦੀ ਬੌਧਿਕ ਸ਼ਕਤੀ ਅੰਤਾਂ ਦੀ ਸੁਜਾਖ਼ੀ ਅੱਖ ਵਾਲੀ ਹੈ।

ਗੁਰਭਜਨ ਗਿੱਲ ਦੀ ਹਰ ਗ਼ਜ਼ਲ ਇਸ ਤੱਥ ਦੀ ਗਵਾਹੀ ਭਰਦੀ ਹੈ ਕਿ ਉਹ ਜੋ ਵੇਖਦਾ ਜਾਂ ਸੋਚਦਾ ਹੈ, ਉਸ ਨੂੰ ਸ਼ਬਦਾਂ ਵਿਚ ਪ੍ਰਗਟ ਕਰ ਦੇਣ ਨੂੰ ਆਪਣਾ ਸਭ ਤੋਂ ਪਵਿੱਤਰ ਕੰਮ ਮੰਨਦਾ ਹੈ, ਸ਼ਾਇਦ ਇਸ ਲਈ ਕਿ ਲਿਖੇ ਹੋਏ ਸ਼ਬਦ ਆਪਣੀ ਹੋਂਦ ਸਦਾ ਕਾਇਮ ਰੱਖਦੇ ਹਨ। ਅਣ-ਕਹੇ ਬੋਲ ਉਂਜ ਵੀ ਮਨ ਵਿਚ ਪਏ ਪਏ ਵਿੱਸ ਘੋਲਣ ਲੱਗ ਪੈਂਦੇ ਹਨ। ਉਸ ਦੀ ਕੋਈ ਵੀ ਗ਼ਜ਼ਲ ਨਾ ਤਾਂ ਨਿਰੀ ਬੁਝਾਰਤ ਹੁੰਦੀ ਹੈ ਅਤੇ ਨਾ ਹੀ ਦੋ ਜਮ੍ਹਾਂ ਦੋ ਬਰਾਬਰ ਚਾਰ ਵਰਗੀ ਰਚਨਾ ਹੁੰਦੀ ਹੈ।

ਕਿਹੜੇ ਸ਼ਿਅਰ ਵਿਚਲੇ ਵਿਅੰਗ ਦੀ ਕਰਾਰੀ ਸੱਟ ਸਮਾਜ ਦੇ ਕਿਹੜੇ ਅੰਗ ਤੇ ਵੱਜਦੀ ਹੈ, ਪਾਠਕ ਸਹਿਜੇ ਹੀ ਉਸ ਤੇ ਉਂਗਲ ਰੱਖ ਸਕਦਾ ਹੈ। ਸਮੇਂ ਦੇ ਰੰਗ ਮੰਚ ਉਤੇ ਜੇ ਕਰ ਉਸਦੀ ਹਰ ਰਚਨਾ ਨੂੰ ਜੀਵਨ-ਨਾਟਕ ਦੀ ਇਕ ਝਾਕੀ ਮੰਨ ਲਿਆ ਜਾਵੇ ਤਾਂ ਕਈ ਪ੍ਰਕਾਰ ਦੇ ਪਾਤਰਾਂ ਦੀ ਵੱਖ ਵੱਖ ਅਦਾਕਾਰੀ ਦਾ ਸਹਿਜੇ ਹੀ ਮੁਲਾਂਕਣ ਕੀਤਾ ਜਾ ਸਕਦਾ ਹੈ। ਕਈ ਕਿਰਦਾਰ ਪਸ਼ੂ ਬਿਰਤੀ ਵਾਲੇ ਸਵਾਰਥ-ਸਾਧਕ ਤੇ ਲੋਟੂ ਹਨ। ਕਈ ਅਕਲ ਦੇ ਅੰਨ੍ਹੇ ਹੱਦ ਦਰਜ਼ੇ ਦੇ ਲੜਾਕੂ ਐਵੇਂ ਦੋਧਾਰੀ ਤਲਵਾਰ ਘੁੰਮਾਉਣ ਵਾਲੇ ਹਨ।

ਸਾਰੇ ਮਨੁੱਖੀ ਸੰਬੰਧ ਤੇ ਕਦਰਾਂ ਕੀਮਤਾਂ ਆਪਣੀ ਪਛਾਣ ਗੁਆ ਰਹੀਆਂ ਹਨ। ਇਹ ਇਸ ਲਈ ਵੰਡੀਆਂ ਪਾਉਣ ਵਾਲੇ ਜ਼ਹਿਰ ਦੇ ਵਣਜਾਰੇ ਸਮਾਜੀ ਤਾਣੇ-ਪੇਟੇ ਦੇ ਖੁੱਲ੍ਹੇ-ਆਮ ਫੂਸੜੇ ਉਡਾ ਰਹੇ ਹਨ। ਦੂਜੇ ਪਾਸੇ ਉਹ ਪਾਤਰ ਹਨ ਜਿਹੜੇ ਉਸ ਵਾਂਗ ਹੀ ਲੁੱਟ ਦਾ ਸ਼ਿਕਾਰ ਹਨ। ਸੋਸ਼ਿਤ ਅਭਿਨੇਤਾਵਾਂ ਦਾ ਰੋਲ ਮੂਲ ਰੂਪ ਵਿਚ ਆਤਮਘਾਤੀ ਹੈ। ਕੁਝ ਅਦਾਕਾਰ ਬੁਧੀਜੀਵੀ ਤੇ ਧਨੰਤਰ ਵੈਦ ਹੁੰਦੇ ਹੋਏ ਵੀ ਜਦੋਂ ਆਪਣੇ ਘੁਰਨਿਆਂ ਵਿਚ ਦੜ ਵੱਟ ਕੇ ਬੈਠੇ ਦਿਖਾਈ ਦੇਂਦੇ ਹਨ ਤਾਂ ਏਦਾਂ ਲੱਗਦਾ ਹੈ ਜਿਵੇਂ ਡਰ ਦੀ ਭਾਵਨਾ ਨੇ ਆਪਣੀ ਰੱਖਿਆ ਤੇ ਬਚਾਅ ਲਈ ਇਨਾਂ ਨੂੰ ਆਪਣੇ ਦੁਆਲੇ ਲਛਮਣ ਰੇਖਾਵਾਂ ਖਿੱਚਣ ਲਈ ਮਜਬੂਰ ਕਰ ਦਿਤਾ ਹੈ। ਉਨਾਂ ਨੂੰ ਸ਼ਾਇਦ ਇਹ ਵੀ ਨਹੀਂ ਪਤਾ ਕਿ ਅਰਾਜਕਤਾ ਦੀ ਇਸ ਅਵਸਥਾ ਵਿਚ ਕੁਦਰਤੀ ਇਨਕਲਾਬ ਦਾ ਉਹ ਰਸਤਾ ਵੀ ਫੁੱਟ ਸਕਦਾ ਹੈ ਜਿਸ ਉਪਰ ਹਿੱਕ ਕੱਢ ਕੇ ਟੁਰਨ ਲਈ ਉਹ ਪੂਰਣ ਭਾਂਤ ਸੁਤੰਤਰ ਹੋਣਗੇ।

ਚੁਫ਼ੇਰੇ ਮੱਛਰਦੀ ਅਰਾਜਕਤਾ ਅਤੇ ਸਾਗਰ ਮੰਥਨ ਸਮੇਂ ਦੀ ਨਿਆਂਕਾਰਤਾ ਵਿਚਕਾਰ

ਕਿੰਨਾ ਕੁ ਅੰਤਰ ਹੈ? ਵਰਤਮਾਨ ਸਮੇਂ ਦਾ ਦੁਖਾਂਤ ਇਹ ਹੈ ਕਿ ਅਜੇ ਕੇਵਲ ਦੈਂਤ ਹੀ ਸਮੁੰਦਰ ਨੂੰ ਰਿੜਕੀ ਜਾ ਰਹੇ ਹਨ। ਜਦੋਂ ਇਸ ਕੰਮ ਵਿਚ ਦੇਵਤੇ ਵੀ ਹੱਥ ਵਟਾਉਣ ਲੱਗ ਪਏ ਤਾਂ ਸੰਭਵ ਹੈ ਧਨੰਤਰ ਵਰਗੇ ਵੈਦ ਫੇਰ ਭੈ ਦੇ ਸਮੁੰਦਰਾਂ ਵਿਚੋਂ ਬਾਹਰ ਨਿਕਲ ਆਉਣ।

ਗੁਰਭਜਨ ਗਿੱਲ ਦੀ ਗ਼ਜ਼ਲ ਆਪਣੀ ਸਿਰਜਣਾਤਮਕ ਯਾਤਰਾ ਸ਼ਹਿਰ ਦੇ ਵਾਤਾਵਰਣ ਵਿਚ ਸੰਪੰਨ ਨਹੀਂ ਕਰਦੀ ਸਗੋਂ। ਉਹ ਇਸ ਵਿਚੋਂ ਪਿੰਡ ਦੀ ਮਿੱਟੀ ਦਾ ਸਤ

ਵੀ ਨਿਚੋੜਦਾ ਹੈ। ਸੋਚਣ ਵਾਲੀ ਗੱਲ ਇਹ ਹੈ ਕਿ ਪਿੰਡਾਂ ਵਿਚ ਕੁਦਰਤ ਦੀ ਕਰੋਪੀ ਤੋਂ ਬਚਾਉ ਦਾ ਕੋਈ ਕਾਰਗਰ ਉਪਾਅ ਵੀ ਨਹੀਂ।

ਪਿੰਡਾਂ ਵਿਚ ਕਈ ਵਾਰ ਤੇਜ਼ ਹਨ੍ਹੇਰੀ, ਤਿੱਖੀ, ਧੁੱਪ, ਮੀਂਹ ਦੇ ਛਰਾਟਿਆਂ, ਜੜ੍ਹਾਂ ਤੇ ਵਾ ਵਰੋਲਿਆਂ ਦਾ ਏਨਾ ਜ਼ੋਰ ਸ਼ੋਰ ਹੁੰਦਾ ਹੈ ਕਿ ਜੀਵਨ ਸਦਾ ਸਹਿਮ ਤੇ ਭਯ ਦੇ ਜਬਾੜ੍ਹਿਆਂ ਹੇਠ ਆਇਆ ਰਹਿੰਦਾ ਹੈ ਅਤੇ ਘਟਨਾਵਾਂ ਮੌਤ ਤੇ ਸਰਬਨਾਸ਼ ਦੇ ਇਹਸਾਸ ਨੂੰ ਹਮੇਸ਼ਾਂ ਜਗਾਈ ਰੱਖਦੀਆਂ ਹਨ। ਗੁਰਭਜਨ ਗਿੱਲ ਦੀ ਗ਼ਜ਼ਲ ਵਿਚ ਦੁੱਖ ਤੇ ਪੀੜ ਦੀ ਜਿਹੜੀ ਕਸਕ ਆਪਣੀ ਪੂਰੀ ਸਿਖ਼ਰ 'ਤੇ ਵਿਖਾਈ ਦਿੰਦੀ ਹੈ, ਉਹ ਇਸੇ ਆਤੰਕ ਤੇ ਵਿਨਾਸ਼ ਦੇ ਇਹਸਾਸ ਦੀ ਦੇਣ ਹੈ। ਨਿਰਸੰਦੇਹ ਗੁਰਭਜਨ ਗਿੱਲ ਦੀਆਂ ਗ਼ਜ਼ਲਾਂ ਅਜੋਕੇ ਕਾਲ ਦੇ ਵਿਚਾਰਾਂ ਤੇ ਭਾਵਨਾਵਾਂ ਦੀਆਂ ਲਖਾਇਕ ਹਨ।

ਪੰਜਾਬੀ ਗ਼ਜ਼ਲ ਦੇ ਪਿੜ ਵਿਚ ਇਸ ਸੰਗ੍ਰਹਿ ਦੇ ਪ੍ਰਵੇਸ਼ ਨਾਲ ਨਿਸ਼ਚੇ ਹੀ ਵਡਮੁੱਲਾ ਵਾਧਾ ਹੋਏਗਾ। ਆਸ ਹੈ ਮੇਰੀ ਇਹ ਆਸ ਨਿਰਮੂਲ ਸਿੱਧ ਨਹੀਂ ਹੋਏਗੀ।

ਆਮੀਨ !

***ਪ੍ਰਿੰਸੀਪਲ ਤਖ਼ਤ ਸਿੰਘ***

*ਅਗਵਾੜ ਗੁੱਜਰਾਂ, ਜਗਰਾਉਂ (ਲੁਧਿਆਣਾ)*

# ਮੇਰੀ ਨਜ਼ਰ ਵਿਚ

'ਹਰ ਧੁਖਦਾ ਪਿੰਡ ਮੇਰਾ ਹੈ' ਨਾਲ ਗੁਰਭਜਨ ਗਿੱਲ ਉਨਾਂ ਪੰਜਾਬੀ ਕਵੀਆਂ ਦੀ ਕਤਾਰ ਵਿਚ ਆ ਗਿਆ ਹੈ ਜਿਹੜੇ ਪੰਜਾਬੀ ਗ਼ਜ਼ਲ ਦੀ ਵਿਸ਼ੇਸ਼ ਨੁਹਾਰ ਸਿਰਜਣ ਵਿਚ ਕਹਿਣ ਸੁਣਨ ਯੋਗ ਹਿੱਸਾ ਪਾ ਰਹੇ ਹਨ। ਗੁਰਭਜਨ ਗਿੱਲ ਬੜਾ ਸੁਚੇਤ ਗ਼ਜ਼ਲਕਾਰ ਹੈ ਤੇ ਉਸ ਦੀਆਂ ਗ਼ਜ਼ਲਾਂ ਨੂੰ ਪੜ੍ਹ ਕੇ ਇਸ ਗੱਲ ਦਾ ਇਹਸਾਸ ਹੁੰਦਾ ਹੈ ਕਿ ਉਸ ਨੇ ਪਾਕਿਸਤਾਨੀ ਤੇ ਭਾਰਤੀ ਪੰਜਾਬੀ ਗ਼ਜ਼ਲ ਦੀ ਸਮੁੱਚੀ ਪਰੰਪਰਾ ਨੂੰ ਆਪਣੀ ਸਾਧਨਾ ਵਿਚ ਸਮੋਇਆ ਹੈ। ਉਸ ਪਰੰਪਰਾ ਦਾ ਉਹ ਵਫ਼ਾਦਾਰ ਵਾਰਿਸ ਤੇ ਅਲਮਬਰਦਾਰ ਹੈ। ਉਸ ਦੀਆਂ ਬਹਿਰਾਂ, ਸ਼ਬਦਾਂ ਦੀ ਚੋਣ ਤੇ ਬੀੜ ਪੂਰੀ ਤਰ੍ਹਾਂ ਪੰਜਾਬੀ ਮੁਹਾਂਦਰੇ ਵਾਲੀ ਹੈ ਤੇ ਸ਼ਬਦ 'ਪਿੰਡ' ਸਿਰਫ਼ ਉਸ ਦੀ ਕਿਤਾਬ ਦੇ ਨਾਮ ਵਿਚ ਸ਼ਾਮਿਲ ਨਹੀਂ ਸਾਰੀ ਕਿਤਾਬ ਵਿਚ ਹੀ ਕਿਤੇ ਪ੍ਰਗਟ ਤੇ ਕਿਤੇ ਅਪ੍ਰਗਟ ਰੂਪ ਵਿਚ ਰਚਿਆ ਹੋਇਆ ਹੈ। ਪਿੰਡ ਸ਼ਬਦ ਪੰਜਾਬੀ ਗ਼ਜ਼ਲ ਲਈ ਨਵਾਂ ਨਹੀਂ, ਪਰ ਇਸ ਸ਼ਬਦ ਤੇ ਇਸ ਨਾਲ ਜੁੜੇ ਹਵਾਲਿਆਂ ਦੀ ਏਨੀ ਸੰਘਣੀ ਵਰਤੋਂ ਕਿਸੇ ਹੋਰ ਦੀਆਂ ਗ਼ਜ਼ਲਾਂ ਵਿਚੋਂ ਮਿਲਣੀ ਮੁਸ਼ਕਲ ਹੈ। ਉਸ ਦੀ ਕੋਈ ਵਿਰਲੀ ਗ਼ਜ਼ਲ ਹੀ ਫ਼ਸਲਾਂ ਜਾਂ ਪਿੰਡ ਤੋਂ ਵਿਰਵੀ ਹੈ। ਕੋਈ ਕੋਈ ਗ਼ਜ਼ਲ ਤਾਂ ਸਾਰੀ ਦੀ ਸਾਰੀ ਪਿੰਡ ਦੀ ਕਿਸੇ ਇਕ ਸਥਿਤੀ ਦਾ ਵਰਨਣ ਹੈ ਜਿਵੇਂ :

ਅੰਬਰ ਦੇ ਵਿਚ ਬਿਜਲੀ ਕੜਕੇ ਲਿਸ਼ਕੇ ਚਮਕ ਡਰਾਵੇ।
ਬਾਹਰ ਖਲੋਤੀਆਂ ਪੱਕੀਆਂ ਕਣਕਾਂ ਜਾਨ ਨਿਕਲਦੀ ਜਾਵੇ।

ਸਾਡੇ ਪਿੰਡ ਤਾਂ ਫੂਹੜੀ ਵਿਛ ਗਈ ਗੜ੍ਹੇਮਾਰ ਦੇ ਮਗਰੋਂ,
ਸ਼ਹਿਰਾਂ ਦੇ ਵਿਚ ਲਾਊਡ-ਸਪੀਕਰ ਉੱਚੀ ਉੱਚੀ ਗਾਵੇ।

ਠੰਢਾ-ਚੁੱਲ੍ਹਾ ਖ਼ਾਲੀ-ਬੋਰੀ ਸੱਖਣੇ-ਪੀਪੇ ਰੋਂਦੇ,
ਵੇਖ ਭੜੋਲੀਆਂ ਖ਼ਾਲੀਮ-ਖ਼ਾਲੀ ਸਾਹ-ਸਤ ਮੁੱਕਦਾ ਜਾਵੇ।

ਗੁਰਭਜਨ ਗਿੱਲ ਦੀ ਪੰਜਾਬੀ ਗ਼ਜ਼ਲ ਦੇ ਪਿੰਡ-ਪਰਾਣ ਨੂੰ ਪੰਜਾਬੀਪਨ ਦਾ ਜਾਮਾ ਪਹਿਨਾਉਣ ਦੀ ਕੋਸ਼ਿਸ਼ ਬੜੀ ਉੱਘੜਵੀਂ ਤੇ ਮੁੱਲਵਾਨ ਹੈ।

ਪਰੰਪਰਾ ਨੂੰ ਅੰਦਰ ਸਮੋਣ ਦੇ ਸਿਲਸਿਲੇ ਵਿਚ ਹੀ ਇਕ ਗੱਲ ਹੋਰ ਦੇਖਣਯੋਗ ਹੈ ਕਿ ਗੁਰਭਜਨ ਗਿੱਲ ਨੇ ਲਗਪਗ ਉਨ੍ਹਾਂ ਸਾਰੇ ਵਿਸ਼ਿਆਂ ਤੇ ਸਾਰੇ ਸਰੋਕਾਰਾਂ ਨੂੰ ਛੋਹਿਆ ਹੈ ਜਿਹੜੇ ਆਧੁਨਿਕ ਹਨ।

ਨਕਸਲਬਾੜੀ ਲਹਿਰ ਦਾ ਉਤਰਾਅ, ਆਪਣੀ ਦੁਚਿੱਤੀ, ਆਪਣੀ ਨਿਕਰਮਤਾ ਦਾ ਇਕਬਾਲ, ਆਪਣੀ ਸੁਰੱਖਿਆ ਦੀ ਇੱਛਾ ਕਾਰਨ ਆਪਣੇ ਅੰਦਰੋਂ ਬਿਨਸ ਰਹੇ ਵਿਦਰੋਹ ਦਾ ਖ਼ਿਆਲ, ਮੁੜ ਆਇਆਂ ਨੂੰ ਮਿਹਣਾ, ਆਤਮਗਿਲਾਨੀ, ਲੁਟੇਰਿਆਂ ਪ੍ਰਤੀ ਗੁੱਸਾ ਤੇ ਕਿਰਤੀ-ਪੁੱਤਾਂ ਨਾਲ ਮੋਹ ਅਤੇ ਇਕ ਉਮੀਦ ਲਗਪਗ ਸਾਰੇ ਸਰੋਕਾਰ ਉਸ ਨੇ ਅਪਣਾਏ ਹਨ। ਇਹ ਉਸ ਦੀ ਜਾਗਰੂਕਤਾ ਦੇ ਉਸ ਦੀ ਗ੍ਰਹਿਣਸ਼ੀਲ ਸੰਵੇਦਨਾ ਦੀ ਵੱਡੀ ਗਵਾਹੀ ਹੈ।

ਗੁਰਭਜਨ ਗਿੱਲ ਦੀ ਗ਼ਜ਼ਲ, ਤਰਾਸ਼ੀ ਹੋਈ, ਸਲੀਕੇ ਵਾਲੀ, ਸੰਤੁਲਿਤ ਗ਼ਜ਼ਲ ਹੈ। ਉਸ ਵਿਚ ਅੰਤਰਮੁਖੀ ਉਲਾਰ ਜਾਂ ਬੇਮੁਹਾਰਾ ਵਹਾਅ ਨਹੀਂ। ਇਹ ਉਸ ਦਾ ਗੁਣ ਹੈ ਪਰ ਕਿਤੇ ਕਿਤੇ ਇਹ ਗੱਲ ਇਕ ਸੀਮਾ ਵੀ ਬਣ ਜਾਂਦੀ ਹੈ ਕਿਉਂਕਿ ਇਹ ਉਸ ਦੀ ਗ਼ਜ਼ਲ ਨੂੰ ਆਪ-ਮੁਹਾਰੀ ਬਣਨ ਤੋਂ ਆਪਣੇ ਆਪ ਦੀਆਂ ਹਨ੍ਹੇਰੀਆਂ ਗਹਿਰਾਈਆਂ ਵਿਚ ਜਾਣ ਵੱਲੋਂ ਤੇ ਸਰਲਤਾ ਅਪਣਾਉਣ ਤੋਂ ਵਰਜੀ ਰੱਖਦੀ ਹੈ।

ਇਸ ਲਈ ਜਿੱਥੇ ਕਿਤੇ ਗੁਰਭਜਨ ਗਿੱਲ ਨੇ ਸਿੱਕੇਬੰਦ ਸਲੀਕੇ ਨੂੰ ਛੱਡ ਕੇ ਆਪਣੇ ਆਪ ਦੀ ਮੁਹਾਰ ਨੂੰ ਜ਼ਰਾ ਢਿੱਲੀ ਛੱਡਿਆ ਹੈ, ਉਥੇ ਉਹ ਮੈਨੂੰ ਵਧੇਰੇ ਪ੍ਰਭਾਵਸ਼ਾਲੀ ਜਾਪਿਆ ਹੈ :

ਅੰਨ੍ਹੀ ਬੋਲ਼ੀ ਰਾਤ ਹਨ੍ਹੇਰੀ ਰਹਿਣ ਦਿਉ।
ਕਾਲਖ਼ ਦੇ ਦਰਿਆ ਨੂੰ ਏਦਾਂ ਵਹਿਣ ਦਿਉ।

ਏਸ ਨਮੋਸ਼ੀ ਨੂੰ ਵੀ ਜੀਣਾ ਚਾਹੁੰਦਾ ਹਾਂ,
ਮੈਨੂੰ ਮੇਰਾ ਹਿੱਸਾ ਆਪੇ ਸਹਿਣ ਦਿਉ।

ਫਿਰ ਆਖੋਗੇ ਸਿਲ-ਪੱਥਰ ਹੈ ਕੂੰਦਾ ਨਹੀਂ,
ਮੈਨੂੰ ਅਪਣੀ ਦਰਦ-ਕਹਾਣੀ ਕਹਿਣ ਦਿਉ।

ਸ਼ਾਇਦ ਕੁਝ ਲੋਕਾਂ ਨੂੰ ਇਸ ਗ਼ਜ਼ਲ ਦੀ ਭਾਵਨਾ ਨਾਂਹ-ਮੁਖੀ ਤੇ ਨਿਰਾਸ਼ਾਵਾਦੀ ਲੱਗੇ, ਪਰ ਮੈਂ ਇਸ ਪੱਖ ਦਾ ਧਾਰਨੀ ਹਾਂ ਕਿ ਝੂਠੀ ਜਾਂ ਪੇਤਲੀ ਆਸ਼ਾ ਨਾਲੋਂ ਸੱਚੀ ਨਿਰਾਸ਼ਾ ਬਿਹਤਰ ਹੁੰਦੀ ਹੈ ਕਿਉਕਿ ਉਹ ਸਾਡੀ ਸੋਚ ਤੇ ਸਾਡੇ ਅਮਲ ਨੂੰ ਠੋਸ ਧਰਾਤਲ ਦਿੰਦੀ ਹੈ। ਸਾਨੂੰ ਵਧੇਰੇ ਯਥਾਰਥਵਾਦੀ ਤੇ ਵਧੇਰੇ ਦ੍ਰਿੜ ਬਣਾਉਂਦੀ ਹੈ। ਨਿਰਾਸ਼ਾ ਦੀਆਂ ਜੜ੍ਹਾਂ ਤਕ ਪਹੁੰਚਣਾ ਹੀ ਨਿਰਾਸ਼ਾ ਤੋਂ ਮੁਕਤ ਹੋਣ ਦੀ ਪਹਿਲੀ ਅਵਸਥਾ ਹੈ। ਨਿਰਾਸ਼ਾ ਨੂੰ ਢੱਕਣਾ, ਉਸ ਉਤੇ ਝੂਠੀ ਆਸ ਦੇ ਪਰਦੇ ਪਾਉਣੇ ਤਾਂ ਟੋਏ ਉਤੇ ਸਰਕੜਾ ਵਿਛਾਉਣ ਵਰਗਾ ਕੰਮ ਹੈ।

ਗੁਰਭਜਨ ਗਿੱਲ ਦਾ ਇਕ ਹੋਰ ਹਾਂ-ਮੁਖੀ ਪਹਿਲੂ ਇਹ ਹੈ ਉਸ ਦੀਆਂ ਕਾਫ਼ੀ ਗ਼ਜ਼ਲਾਂ ਇਕਾਗਰ ਗ਼ਜ਼ਲਾਂ ਹਨ। ਉਨ੍ਹਾਂ ਵਿਚਲੇ ਸ਼ਿਅਰਾਂ ਦੀ ਆਪਸੀ ਸਾਂਝ ਕੇਵਲ ਬਹਿਰ ਵਜ਼ਨ ਜਾਂ ਕਾਫ਼ੀਏ ਰਦੀਫ਼ ਦੀ ਨਹੀਂ, ਸਗੋਂ ਵਿਸ਼ੇ ਦੀ ਵੀ ਹੁੰਦੀ ਹੈ। ਗ਼ਜ਼ਲ ਦੀ ਇਕਾਗਰਤਾ ਉਸ ਦੀ ਕਾਵਿਕ ਹੂਕ ਨਜ਼ਮ ਦੇ ਕੋਲ ਲੈ ਜਾਂਦੀ ਹੈ। ਉਸ ਦੀ ਗ਼ਜ਼ਲ ਦਾ ਅਗਲਾ ਸ਼ਿਅਰ

ਪਹਿਲੇ ਸ਼ਿਅਰ ਦੇ ਪ੍ਰਭਾਵ ਨੂੰ ਡੂੰਘਾ ਬੇਸ਼ੱਕ  ਨਾ ਕਰੇ, ਉਸ ਨੂੰ ਖੰਡਿਤ ਨਹੀਂ ਕਰਦਾ। ਇਸ ਨੂੰ ਦੂਜੇ ਸ਼ਬਦਾਂ ਵਿਚ ਇਸ ਤਰ੍ਹਾਂ ਕਹਿ ਸਕਦੇ ਹਾਂ ਕਿ ਉਸ ਦੀਆਂ ਗ਼ਜ਼ਲਾਂ ਦੇ ਸ਼ਿਅਰਾਂ ਦਾ ਆਪਸੀ ਸੰਬੰਧ ਗਗਨ-ਮੁਖੀ ਹੋਣ ਦੀ ਥਾਂ ਦੋਮੇਲ-ਮੁਖੀ ਹੈ। ਉਸ ਦੇ ਸ਼ਿਅਰ ਉਪਰ ਚੜ੍ਹਦੇ ਜਾਂ ਹੇਠ ਆਉਂਦੇ ਪੌੜਿਆਂ ਵਾਂਗ ਨਹੀਂ, ਸਮਾਨੰਤਰ ਰੇਖਾਵਾਂ ਵਾਂਗ ਹਨ।

ਗੁਰਭਜਨ ਦੀਆਂ ਗ਼ਜ਼ਲਾਂ ਕਿਤੇ ਕਿਤੇ ਲੋਕ-ਗੀਤਕ ਵਾਕੰਸ਼ਾਂ ਨੂੰ ਅਪਣਾ ਕੇ ਮਿੱਸਾ ਰੂਪ ਉਸਾਰਨ ਦਾ ਯਤਨ ਕਰਦੀਆਂ ਹਨ। ਇਹ ਮਿਸ਼ਰਣ ਸੰਜੋਗ ਬਣ ਸਕਦਾ ਹੈ ਜਾਂ ਨਹੀਂ ਇਹ ਭਵਿੱਖ ਦੀ ਸਾਧਨਾ ਤੇ ਮਾਹੌਲ ਤੇ ਨਿਰਭਰ ਕਰਦਾ ਹੈ।

ਜਦੋਂ ਤਕ ਪੰਜਾਬੀ ਗ਼ਜ਼ਲ ਇਕ ਕਾਵਿ-ਰੂਪ ਵਜੋਂ ਕਾਫ਼ੀ ਵਾਦ-ਵਿਵਾਦ ਵਿਚ ਫਸੀ ਹੋਈ ਹੈ, ਕਈ ਗੰਭੀਰ ਆਲੋਚਕ ਇਸ ਦੀ ਪ੍ਰਮਾਣਿਕਤਾ ਨੂੰ ਸੰਦੇਹ ਨਾਲ ਦੇਖਦੇ ਹਨ, ਗੁਰਭਜਨ ਗਿੱਲ ਦੇ ਨਿਰੋਲ ਗ਼ਜ਼ਲ-ਸੰਗ੍ਰਹਿ ਹਰ ਧੁਖਦਾ ਪਿੰਡ ਮੇਰਾ ਹੈ ਦਾ ਪ੍ਰਕਾਸ਼ਤ ਹੋਣਾ ਉਪਰੋਕਤ ਵਾਦ ਵਿਵਾਦ ਨੂੰ ਜ਼ਰਾ ਹੋਰ ਤਿੱਖਾ ਕਰੇਗਾ ਤੇ ਪੰਜਾਬੀ ਗ਼ਜ਼ਲ ਦੇ ਪੱਖ ਨੂੰ ਹੋਰ ਮਜ਼ਬੂਤ ਕਰੇਗਾ।

ਇਸ ਸੰਗ੍ਰਹਿ ਪ੍ਰਤੀ ਪਾਠਕਾਂ ਤੇ ਆਲੋਚਕਾਂ ਦਾ ਪ੍ਰਤੀਕਰਮ ਬੜਾ ਨਿੱਘਾ ਤੇ ਸਰਗਰਮ ਹੋਵੇਗਾ, ਇਸ ਗੱਲ ਦੀ ਮੈਨੂੰ ਸਿਰਫ਼ ਇੱਛਾ ਹੀ ਨਹੀਂ, ਪੱਕੀ ਉਮੀਦ ਵੀ ਹੈ।

ਸੁਰਜੀਤ ਪਾਤਰ
ਪੰਜਾਬ ਐਗਰੀਕਲਚਰਲ ਯੂਨੀਵਰਸਿਟੀ,
ਲੁਧਿਆਣਾ

❑

ਕਾਫ਼ਲਿਆਂ ਦਾ ਸਾਥ ਭਲਾ ਕੀ ਰਾਹ ਵਿਚ ਉੱਗੀਆਂ ਛਾਵਾਂ ਨਾਲ।
ਕਦਮ ਮਿਲਾ ਕੇ ਜਿੰਨ੍ਹਾਂ ਤੁਰਨਾ ਭਰ ਵਗਦੇ ਦਰਿਆਵਾਂ ਨਾਲ।

ਅੱਜ ਤੇਰੇ ਮੂੰਹ ਜੀਭ ਨਹੀਂ ਹੈ ਚਿਹਰਾ ਵੀ ਉਪਰਾਮ ਹੈ ਕਿਉਂ?
ਤੇਰੀ ਤਾਂ ਸੀ ਬਹਿਣੀ ਉੱਠਣੀ ਅੱਗ ਵਰ੍ਹੌਂਦੀਆਂ 'ਵਾਵਾਂ ਨਾਲ।

ਧਰਤ, ਸਮੁੰਦਰ, ਦਰਿਆ, ਸਹਿਰਾ, ਹੰਝੂਆਂ ਦਾ ਵੀ ਮੀਂਹ ਵਰ੍ਹਦੈ,
ਪੋਟਾ ਪੋਟਾ ਵਿੰਨ੍ਹਿਆਂ ਦਿਲ ਹੈ ਹੌਕੇ ਬਲਦੀਆਂ ਆਹਵਾਂ ਨਾਲ।

ਸ਼ੀਸ਼ੇ ਸਨਮੁਖ ਰੋਜ਼ ਖਲੋ੍ਹ ਕੇ ਮੇਰਾ ਬੁੱਤ ਘਬਰਾਉਂਦਾ ਹੈ,
ਆਪਣਾ ਆਪ ਪਕੜਨਾ ਚਾਹਵੇ ਥੱਕੀਆਂ ਥੱਕੀਆਂ ਬਾਹਵਾਂ ਨਾਲ।

ਦਿੱਲੀ ਦੱਖਣ ਗਾਹੁਣ ਮਗਰੋਂ ਘਰ ਵਿਚ ਆਣ ਖਲੋ ਜਾਈਏ,
ਛਾਵਾਂ ਖ਼ਾਤਰ ਜੁੜ ਜਾਂਦੇ ਹਾਂ ਨਿੱਕੀਆਂ ਨਿੱਕੀਆਂ ਥਾਵਾਂ ਨਾਲ।

ਮੰਜ਼ਿਲ ਤਾਂ ਸੀ ਟੇਢੀ ਮੇਢੀ ਉਂਞ ਵੀ ਸੀ ਵੀਰਾਨ ਜਹੀ,
ਐਵੇਂ ਯਾਰੋ ਪਰਚ ਗਏ ਆਂ ਸਿੱਧ-ਮ-ਸਿੱਧੀਆਂ ਰਾਹਵਾਂ ਨਾਲ।

ਰਾਤ, ਹਨ੍ਹੇਰੀ, ਗੜ੍ਹੇਮਾਰ ਤੇ ਬੱਦਲ, ਕਣੀਆਂ, ਤੇਜ਼ ਹਵਾ,
ਪੱਕੀਆਂ ਫ਼ਸਲਾਂ ਕੌਣ ਉਡੀਕੇ ਏਨੇ ਦੁਸ਼ਮਣ ਚਾਵਾਂ ਨਾਲ।

ਧਰਤੀ ਮਾਂ ਹੈ ਸੋਨ-ਚਿੜੀ ਹੈ ਪਤਾ ਨਹੀਂ ਇਹ ਕੀ ਕੀ ਹੈ?
ਬੇਘਰ ਵਿਧਵਾ ਜਾਣੀ ਜਾਵੇ ਰੰਗ-ਬਰੰਗੇ ਨਾਵਾਂ ਨਾਲ।
●

❑

ਇਕ ਬਦਲੋਟੀ ਤੁਰਦੀ ਜਾਂਦੀ ਥਲ ਨੂੰ ਇਕ ਪਲ ਠਾਰ ਗਈ।
ਸਦੀਆਂ ਦੀ ਤੜਪਾਹਟ ਕੰਡਾ ਅਣਖ਼ਾਂ ਵਾਲਾ ਮਾਰ ਗਈ।

ਬੰਜਰ ਧਰਤੀ ਰੇਤਲ ਟਿੱਬੇ ਪੁੰਗਰਿਆ ਸੀ ਆਸ ਦਾ ਬੀਜ,
ਪਾਣੀ ਦੀ ਥਾਂ ਬੱਦਲੀ ਰਾਣੀ ਗੱਲੀਂ ਬਾਤੀਂ ਸਾਰ ਗਈ।

ਹਿੱਕ 'ਚ ਰਹਿ ਗਏ ਹੌਕੇ, ਹਾਵੇ, ਸੁੱਤੀਆਂ ਆਸਾਂ ਰਾਂਗਲੀਆਂ,
ਜਾਂਦੀ ਹੋਈ ਰਾਤ ਕੁਲਹਿਣੀ ਐਸਾ 'ਨੇਰ੍ਹ ਪਸਾਰ ਗਈ।

ਸਾਡੇ ਪਿੰਡ ਦੇ ਚਿਹਰੇ 'ਤੇ ਉਦਰੇਵਾਂ ਆ ਕੇ ਬੈਠ ਗਿਆ,
ਬੋਹੜਾਂ ਤੇ ਪਿੱਪਲਾਂ ਦੀ ਰੌਣਕ ਜਦ ਤੋਂ ਦਰਿਆ ਪਾਰ ਗਈ।

ਸ਼ਹਿਰਾਂ ਵਾਲੀ ਅੱਗ ਨਾ ਕਿਧਰੇ ਸਾਡੀਆਂ ਜੂਹਾਂ ਘੇਰ ਲਵੇ,
ਡਰਦੀ ਮਾਰੀ ਉੱਡ ਕੇ ਏਥੋਂ ਏਸੇ ਲਈ ਹੈ ਡਾਰ ਗਈ।

ਰਣ-ਖੇਤਰ ਵਿਚ ਖ਼ੂਬ ਲੜੇ ਹਾਂ, ਅਤੇ ਲੜਾਂਗੇ ਵੀ ਆਪਾਂ,
ਹੋਇਆ ਕੀ ਜੇ ਬੇਹਥਿਆਰੀ ਧਿਰ ਸਾਡੀ ਫਿਰ ਹਾਰ ਗਈ।
●

❏

ਖ਼ੁਦਕੁਸ਼ੀ ਹੀ ਖ਼ੁਦਕੁਸ਼ੀ ਬੱਸ ਖ਼ੁਦਕੁਸ਼ੀ।
ਕੌਣ ਪਾਗਲ ਚਾਹੇਗਾ ਇਹ ਜ਼ਿੰਦਗੀ।

ਚੌਂਕ ਦੇ ਬੁੱਤ ਅੱਖ ਨੀਵੀਂ ਕਰ ਲਈ,
ਨਿੱਤ ਦਿਹਾੜੀ ਵੇਖ ਸਾਡੀ ਬੁਜ਼ਦਿਲੀ।

ਤਾਰ ਉੱਤੇ ਤੁਰੇ ਰਹੇ ਹਾਂ ਰਾਤ ਦਿਨ,
ਕੋਹਾਂ ਲੰਮੀ ਮੌਤ ਵਰਗੀ ਜ਼ਿੰਦਗੀ।

ਭੀੜ ਦਾ ਹਿੱਸਾ ਬਣਾਂ ਤਾਂ ਜਾਪਦੈ,
ਬਣ ਗਿਆ ਹਾਂ ਆਪਣੇ ਘਰ ਅਜਨਬੀ।

ਪਿੰਡ ਜਾ ਕੇ ਇਸ ਤਰ੍ਹਾਂ ਮਹਿਸੂਸਦਾਂ,
ਸ਼ਹਿਰ ਸਾਡੀ ਖਾ ਰਹੇ ਨੇ ਸਾਦਗੀ।

ਜ਼ਿੰਦਗੀ ਅਖ਼ਬਾਰ ਤਾਂ ਨਹੀਂ ਦੋਸਤੋ,
ਵਾਚਦੇ ਹੋ ਏਸ ਨੂੰ ਵੀ ਸਰਸਰੀ।

●

❑

ਅੰਨ੍ਹੀ ਬੋਲ਼ੀ ਰਾਤ ਹਨ੍ਹੇਰੀ ਰਹਿਣ ਦਿਉ।
ਕਾਲਖ਼ ਦੇ ਦਰਿਆ ਨੂੰ ਏਦਾਂ ਵਹਿਣ ਦਿਉ।

ਏਸ ਨਮੋਸ਼ੀ ਨੂੰ ਵੀ ਜੀਣਾ ਚਾਹੁੰਦਾ ਹਾਂ,
ਮੈਨੂੰ ਮੇਰਾ ਹਿੱਸਾ ਆਪੇ ਸਹਿਣ ਦਿਉ।

ਕਿੱਥੋਂ ਕਿੱਥੋਂ ਗਰਕਦਿਆਂ ਨੂੰ ਰੋਕੋਗੇ,
ਜੋ ਢਹਿੰਦਾ ਹੈ ਉਹਨੂੰ ਤਾਂ ਬੱਸ ਢਹਿਣ ਦਿਉ।

ਫਿਰ ਆਖੋਗੇ ਸਿਲ-ਪੱਥਰ ਹੈ ਕੂੰਦਾ ਨਹੀਂ,
ਮੈਨੂੰ ਅਪਣੀ ਦਰਦ-ਕਹਾਣੀ ਕਹਿਣ ਦਿਉ।

ਨਹਿਰਾਂ ਸੂਏ ਖਾਲ਼ ਤੁਹਾਡੇ ਨੌਕਰ ਨੇ,
ਮੇਰਾ ਇਕ ਦਰਿਆ ਤਾਂ ਵਗਦਾ ਰਹਿਣ ਦਿਉ।

ਹੌਲ਼ੀ ਹੌਲ਼ੀ ਇਕ ਦਿਨ ਆਪੇ ਨਿੱਤਰੇਗਾ,
ਮਿੱਟੀ ਰੰਗੇ ਪਾਣੀ ਨੂੰ ਹੁਣ ਬਹਿਣ ਦਿਉ।

ਜਗਦਾ ਬੁਝਦਾ ਜੰਗਲ਼ ਹੈ ਇਹ ਆਸਾਂ ਦਾ,
ਦਿਨ ਚੜ੍ਹਦੇ ਤਕ ਬਾਂਸਾਂ ਨੂੰ ਇੰਝ ਖਹਿਣ ਦਿਉ।

●

❑

ਵਗਦਾ ਦਰਿਆ ਓਸ ਕੰਢੇ ਸਾਰੇ ਖੰਡਰ ਯਾਦ ਨੇ।
ਬਚਪਨੇ ਵਿਚ ਜੋ ਉਸਾਰੇ ਕਾਗ਼ਜ਼ੀ ਘਰ ਯਾਦ ਨੇ।

ਇੱਕ ਦਰਿਆ ਪਾਰ ਕਰਕੇ ਦੂਸਰੇ ਕੰਢੇ ਖਲੋ,
ਪਰਤਦੇ ਯਾਰਾਂ ਦੀਆਂ ਅੱਖਾਂ ਤੇ ਅੱਥਰ ਯਾਦ ਨੇ।

ਚਰਖ਼ੜੀ ਤੇ ਰਾਤ ਦਿਨ ਬੇਸ਼ੱਕ ਅਸਾਡਾ ਬੀਤਿਆ,
ਨਿੱਕੇ ਨਿੱਕੇ ਚਾਅ ਕੁਆਰੇ ਹਾਲੇ ਤੀਕਰ ਯਾਦ ਨੇ।

ਪਹਿਲੇ ਖ਼ਤ ਤੋਂ ਬਾਅਦ ਭਾਵੇਂ ਤੂੰ ਕਦੇ ਲਿਖਿਆ ਨਹੀਂ,
ਉਹ ਪੁਰਾਣੇ ਜਗਦੇ ਬੁਝਦੇ ਸਾਰੇ ਅੱਖਰ ਯਾਦ ਨੇ।

ਦੋਸਤਾਂ ਦੇ ਕੀਮਤੀ ਤੋਹਫ਼ੇ ਮੈਂ ਕਿੱਦਾਂ ਭੁੱਲ ਜਾਂ,
ਤਾਅਨੇ, ਮਿਹਣੇ, ਤੁਹਮਤਾਂ ਸਾਰੇ ਹੀ ਨਸ਼ਤਰ ਯਾਦ ਨੇ।

ਸ਼ਹਿਰ ਦੇ ਜ਼ੰਗਾਲ ਨੇ ਰੂਹਾਂ ਨੂੰ ਭਾਵੇਂ ਖਾ ਲਿਆ,
ਛੋਲਿਆਂ ਦੇ ਖੇਤ ਨੂੰ ਚੁਗਦੇ ਕਬੂਤਰ ਯਾਦ ਨੇ।

ਡੇਰਾ ਬਾਬਾ ਨਾਨਕੋਂ ਕੋਠੇ ਤੇ ਚੜ੍ਹ ਕੇ ਦਿਸਣ ਜੋ,
ਜਿਸਮ ਨਾਲੋਂ ਕਤਰ ਕੇ ਸੁੱਟੇ ਗਏ ਪਰ ਯਾਦ ਨੇ।
●

❑

ਸਿਖ਼ਰ-ਦੁਪਹਿਰੇ ਕਾਂ-ਅੱਖ ਨਿਕਲੇ ਤੇ ਮੂੰਹ-ਜ਼ੋਰ ਹਵਾਵਾਂ।
ਆਲ਼-ਦੁਆਲ਼ੇ ਬਲ਼ਦਾ ਥਲ ਹੈ ਕਿੱਥੇ ਕਦਮ ਟਿਕਾਵਾਂ।

ਜਿਸਮ ਝੁਲ਼ਸਿਆ ਚਿੱਤ ਘਾਬਰਦਾ ਸਾਹ ਵੀ ਬੇ-ਇਤਬਾਰੇ,
ਤਪਦਿਆਂ ਤਾਈਂ ਠਾਰਦੀਆਂ ਨਾ ਹੁਣ ਰੁੱਖਾਂ ਦੀਆਂ ਛਾਵਾਂ।

ਇਹ ਵੀ ਇਕ ਇਤਫ਼ਾਕ ਸਮਝ ਲੈ ਯਾਰਾਂ ਦੀ ਮਸ਼ਹੂਰੀ,
ਆਪਣੇ ਵੱਲੋਂ ਖ਼ੁਰਾ-ਖੋਜ ਸੀ ਮੇਟ ਗਈਆਂ ਘਟਨਾਵਾਂ।

ਇਸ ਮਹਿਫ਼ਲ ਵਿਚ ਕੌਣ ਸੁਣੇਗਾ ਕੋਇਲਾਂ ਦੀ ਕੂਹ ਕੂ ਨੂੰ,
ਅੱਜ ਦੀ ਏਸ ਸੰਗੀਤ ਸਭਾ ਵਿਚ ਗੀਤ ਸੁਨਾਉਣੇ ਕਾਵਾਂ।

ਨਿੱਕੀਆਂ ਨਿੱਕੀਆਂ ਘਟਨਾਵਾਂ ਨੇ ਭੰਨਿਆ ਤੁੰਬਿਆ ਏਦਾਂ,
ਮੈਂ ਤਾਂ ਯਾਰੋ ਭੁੱਲ ਗਿਆ ਸਾਂ ਅਪਣਾ ਹੀ ਸਿਰਨਾਵਾਂ।

ਨਾ ਜੀਂਦੇ ਨਾ ਮੋਇਆਂ ਅੰਦਰ ਦੋ-ਚਿੱਤੀ ਨੇ ਘੇਰੇ,
ਕਿੱਥੇ ਤੀਕ ਪੁਚਾ ਛੱਡਿਆ ਏ ਨਿੱਕਿਆਂ ਨਿੱਕਿਆਂ ਚਾਵਾਂ।
●

❏

ਅੱਧੀ ਰਾਤੀਂ ਗੋਲੀ ਚੱਲੀ ਵਰਤ ਗਈ ਚੁੱਪ-ਚਾਨ।
ਖ਼ਾਲੀ ਸੜਕਾਂ ਛਾਤੀ ਪਿੱਟਣ ਹੌਕੇ ਭਰਨ ਮਕਾਨ।

ਸਾਰੇ ਘਰ ਨੇਰ੍ਹੇ ਵਿਚ ਡੁੱਬੇ ਜਗਦਾ ਨਾ ਕੋਈ ਦੀਵਾ,
ਕੀਕਣ 'ਕੱਲ੍ਹਾ ਬਾਹਰ ਜਾਵਾਂ ਲੈ ਕੇ ਆਪਣੀ ਜਾਨ।

ਧਰਤੀ ਤੇ ਕੁਰਲਾਹਟ ਪਈ ਹੈ ਕੌਣ ਸੁਣੇ ਅਰਜ਼ੋਈ,
ਸਾਡੀਆਂ ਕਣਕਾਂ ਦਾ ਰਖ਼ਵਾਲਾ ਹੈ ਸਰਕਾਰੀ ਸਾਨ੍ਹ।

ਘੋੜ-ਸਵਾਰ ਬੰਦੂਕਾਂ ਵਾਲੇ ਮੱਲ ਖਲੋਤੇ ਬੂਹੇ,
ਅੰਦਰ ਬਾਹਰ ਲੈਣ ਤਲਾਸ਼ੀ ਅਣਸੱਦੇ ਮਹਿਮਾਨ।

ਉੱਚੀ ਕੰਧ ਨਾਲ ਟਕਰਾ ਕੇ ਸਾਡੀਆਂ ਕੂਕਾਂ ਮੁੜੀਆਂ,
ਕਿਲ੍ਹੇ ਦੇ ਅੰਦਰ ਗੂੰਜ ਰਿਹਾ ਸੀ ਅਪਣਾ ਕੌਮੀ-ਗਾਨ।

ਡੁੱਲ੍ਹੇ ਖ਼ੂਨ ਦਾ ਲੇਖਾ-ਜੋਖਾ ਕੌਣ ਕਰੇਗਾ ਯਾਰੋ,
ਕਲਮਾਂ ਦੇ ਵੱਲ ਘੂਰ ਰਿਹਾ ਏ ਚੁੱਪ ਕੀਤਾ ਆਸਮਾਨ।

●

❑

ਕਿਹੋ ਜਿਹਾ ਸ਼ਹਿਰ ਜਿੱਥੇ ਧੁੱਪ ਹੈ ਨਾ ਛਾਂ ਹੈ।
ਚੱਤੇ ਪਹਿਰ ਮੌਸਮਾਂ ਦਾ ਇੱਕੋ ਜਿਹਾ ਨਾਂ ਹੈ।

ਨਵੀਂ ਤਹਿਜ਼ੀਬ ਜਿਸ ਜਿਸ ਨੂੰ ਮਧੋਲਿਆ,
ਉਨ੍ਹਾਂ ਅੰਗ-ਮਾਰਿਆਂ 'ਚ ਮੇਰਾ ਵੀ ਗਿਰਾਂ ਹੈ।

ਗਲੀਆਂ ਮੁਹੱਲਿਆਂ ਨੂੰ ਸੱਪ ਕੇਹਾ ਸੁੰਘਿਆ,
ਰੌਣਕਾਂ ਗੁਆਚ ਗਈਆਂ ਫ਼ੈਲੀ ਚੁੱਪ-ਚਾਂ ਹੈ।

ਜ਼ਿੰਦਗੀ ਖ਼ਾਮੋਸ਼ ਹੈ ਉਦਾਸ ਗੀਤ ਵਾਂਗਰਾਂ,
ਸੁਰਾਂ ਨਾਲ ਜ਼ੋਰ ਅਜ਼ਮਾਈ ਕਰੇ ਕਾਂ ਹੈ।

ਭੁੱਖ ਦੀ ਸਤਾਈ ਪਈ ਗੰਦਗੀ ਫ਼ਰੋਲਦੀ,
ਜਿਹਨੂੰ ਅਸੀਂ ਆਖਦੇ ਹਾਂ ਗਾਂ ਸਾਡੀ ਮਾਂ ਹੈ।

●

❏

ਕਤਰਿਆ ਉਸ ਇਸ ਤਰ੍ਹਾਂ ਸਾਡੇ ਪਰਾਂ ਨੂੰ।
ਮੁੜਨ ਜੋਗੇ ਨਾ ਰਹੇ ਆਪਣੇ ਘਰਾਂ ਨੂੰ।

ਤਾਣ ਚਾਦਰ ਸੌਂ ਗਿਆ ਏ ਸ਼ਹਿਰ ਸਾਰਾ,
ਸਾਂਭ ਕੇ ਸੰਕੋਚ ਕੇ ਮਨ ਦੇ ਡਰਾਂ ਨੂੰ।

ਕਹਿਰ ਦਾ ਅਹਿਸਾਸ ਪਹਿਲੀ ਵਾਰ ਹੋਇਆ,
ਪਾਲ਼ ਵਿਚ ਗੁੰਮ ਸੁੰਮ ਖੜ੍ਹੇ ਪੱਕੇ ਘਰਾਂ ਨੂੰ।

ਪਿੰਡ ਜਾਗਣਗੇ ਸੰਭਾਲਣਗੇ ਵੀ ਮਿੱਟੀ,
ਮੁੜ ਉਸਾਰਨਗੇ ਉਹੀ ਢੱਠੇ ਘਰਾਂ ਨੂੰ।

ਕੌਣ ਕਿੱਥੇ ਹੈ ਖਲੋਤਾ ਨਾਲ ਕਿਸਦੇ,
ਫ਼ੈਸਲਾ ਸਮਿਆਂ ਨੇ ਕਰਨਾ ਆਖ਼ਰਾਂ ਨੂੰ।

●

❑

ਲਟ ਲਟ ਬਲ਼ਦੇ ਮੁਲਕ 'ਚ ਨੱਚਦਾ ਇਹ ਕਿੱਸਰਾਂ ਦਾ ਮੋਰ।
ਹੱਡੀਆਂ ਦੀ ਮੁੱਠ ਜਿਸਮ ਹੋ ਗਿਆ, ਫਿਰ ਵੀ ਬਾਂਕੀ ਤੋਰ।

ਸਾਉਣ-ਛਰਾਟੇ ਵਰ੍ਹਨ ਦੇ ਪਿੱਛੋਂ ਵਗ ਪਈ ਤੇਜ਼ ਹਨ੍ਹੇਰੀ,
ਫ਼ਸਲਾਂ ਦਾ ਲੱਕ ਟੁੱਟਿਆ ਫਿਰ ਵੀ ਸਿਰ ਤੇ ਘਟ ਘਨਘੋਰ।

ਕੁਝ ਮੌਸਮ ਦੀ ਭੇਟ ਚੜ੍ਹ ਗਿਆ ਬਾਕੀ ਜੋ ਵੀ ਬਚਿਆ,
ਦਾਣਾ ਫੱਕਾ ਹੂੰਝ ਕੇ ਲੈ ਗਏ ਰਲ ਮੰਡੀਆਂ ਦੇ ਚੋਰ।

ਇਕ ਇਕੱਲੇ ਕਿਰਤੀ ਪੁੱਤ ਨੂੰ ਚੂੰਡਣ ਵਾਲੇ ਕਿੰਨੇ,
ਥਾਂ ਥਾਂ ਦਫ਼ਤਰ ਚੁੰਗੀਆਂ, ਠਾਣੇ, ਹਾਕਮ, ਵੱਢੀ-ਖ਼ੋਰ।

ਦੋ ਡੰਗ ਵੀ ਨਹੀਂ ਮਿਲਦੀ ਜਿਸਨੂੰ ਢਿੱਡ ਭਰ ਰੱਜਵੀਂ ਰੋਟੀ,
ਉਹਦੀ ਅੱਖ ਵਿੱਚ ਕਿੱਥੋਂ ਆਵੇ ਜੀਵਨ ਦਾਤਾ ਲੋਰ।

ਅੰਬਰ ਦੇ ਵਿਚ ਤਰਦੀ ਹੋਈ ਕਦੇ ਵੀ ਡੁੱਬ ਸਕਦੀ ਹੈ,
ਅਪਣੀ ਗੁੱਡੀ ਦੀ ਨਾ ਜਦ ਤਕ ਆਪ ਸੰਭਾਲੂ ਡੋਰ।
●

❑

ਅੱਖਾਂ ਵਿਚ ਉਨੀਂਦਾ ਰੜਕੇ ਉਮਰਾਂ ਦੇ ਬਨਵਾਸ ਦਾ।
ਫੋੜਾ ਰਿਸਦਾ ਅੰਦਰ ਵੱਲ ਨੂੰ ਬੀਤ ਗਏ ਇਤਿਹਾਸ ਦਾ।

ਝੱਖੜ-ਝਾਂਜਾ ਤੇਜ਼ ਹਨ੍ਹੇਰੀ ਅੱਗ ਬਲੇ ਪਈ ਜੰਗਲ ਵਿਚ,
ਫਿਰ ਵੀ ਬੂਟਾ ਪਾਲ ਰਿਹਾ ਹਾਂ ਰੰਗ-ਬਰੰਗੀ ਆਸ ਦਾ।

ਅੱਜ ਮੇਰੇ ਨਕਸ਼ਾਂ ਤੇ ਲੀਕਾਂ ਪਾਉਣ ਵਾਲਿਉ ਸੋਚ ਲਵੋ,
ਸਮਾਂ ਆਉਣ ਤੇ ਕੌਣ ਚੁਕਾਊ ਲੇਖਾ ਰੂਹ ’ਤੇ ਲਾਸ ਦਾ।

ਜਿਹੜੇ ਫੁੱਲਾਂ ਤੇ ਰੰਗਾਂ ਦੇ ਸਿਰ ਤੇ ਧਰਤੀ ਮਾਣ ਕਰੇ,
ਉਨ੍ਹਾਂ ਨੂੰ ਅਗਨੀ ਵਿਚ ਸਾੜੇ ਬੰਦਾ ਇਹ ਹੱਡ-ਮਾਸ ਦਾ।

ਆਪਣੇ ਪਿੰਡੇ ਸੂਈ ਦੀ ਵੀ ਚੋਭ ਨਹੀਂ ਜਰ ਸਕਦੇ ਜੋ,
ਚੇਤਾ ਅੱਜ ਕਰਾਵੇ ਓਹੀ ਜ਼ਖ਼ਮਾਂ ਦੇ ਅਹਿਸਾਸ ਦਾ।

ਜਿਸ ਨੇ ਮੇਰੇ ਵੱਸਦੇ ਪਿੰਡ ਨੂੰ ਮਿੱਟੀ ਵਿਚ ਮਿਲਾਇਆ ਹੈ,
ਉਹ ਹੀ ਅੱਜ ਬਿਠਾ ਕੇ ਮੈਨੂੰ ਸਬਕ ਦਏ ਧਰਵਾਸ ਦਾ।

●

❑

ਇਸ ਦੋਸਤੀ ਦੀ ਮਹਿਕ ਤਾਂ ਸਾਹਾਂ 'ਚ ਭਰ ਗਈ।
ਤੇਰਾ ਹੀ ਮਣਕਾ ਫੇਰਦੇ ਉਮਰਾ ਹੈ ਲੰਘ ਰਹੀ।

ਤੇਰੀ ਉਡੀਕ ਕਰਦਿਆਂ ਖ਼ੁਰਿਆ ਮੇਰਾ ਵਜੂਦ,
ਆ ਕੇ ਕਦੇ ਤਾਂ ਪੁੱਛ ਲੈ ਕਿੱਦਾਂ ਗੁਜ਼ਰ ਰਹੀ।

ਜੀਂਦੇ ਹੀ ਰਹਿਣਗੇ ਸਦਾ ਕੁਝ ਪਲ ਉਹ ਮਹਿਕਦੇ,
ਕੀ ਹੋ ਗਿਆ ਜੇ ਦੋਸਤੀ ਰੰਗੋਂ ਬਦਲ ਗਈ।

ਇਹ ਆਮ ਅੱਗ ਤੋਂ ਵਧ ਕੇ ਹੈ ਪਰਚੰਡ ਮੇਰੇ ਯਾਰ,
ਅਗਨੀ ਜੋ ਸਾਡੇ ਜ਼ਿਹਨ ਵਿਚ ਯਾਦਾਂ ਦੀ ਬਲ਼ ਰਹੀ।

ਨਾਤੇ ਦੀ ਭੁੱਖ ਸਹਾਰਨੀ ਔਖੀ ਹੈ ਦੋਸਤਾ,
ਕਿੱਦਾਂ ਕਹਾਂ ਮੈਂ ਯਾਰ ਦੀ ਯਾਰੀ ਬਦਲ ਗਈ।

●

❏

ਜਿੰਨ੍ਹਾਂ ਜ਼ਿੰਦਗੀ ਗੁਜ਼ਾਰੀ ਵਾਵਰੋਲ਼ਿਆਂ ਦੇ ਵਾਂਗ।
ਉਨ੍ਹਾਂ ਫਿਰਨਾ ਏਂ ਸਦਾ ਕੱਖੋਂ ਹੌਲ਼ਿਆਂ ਦੇ ਵਾਂਗ।

ਜਦੋਂ ਸਹਿਕਦੇ ਸੀ ਚੁੱਪ ਦੀ ਆਵਾਜ਼ ਤਾਈਂ ਕੰਨ,
ਅਸੀਂ ਜ਼ਿੰਦਗੀ ਗੁਜ਼ਾਰੀ ਸਾਰੀ ਰੌਲ਼ਿਆਂ ਦੇ ਵਾਂਗ।

ਜਿਹੜੇ ਤਾਂਘਦੇ ਸੀ ਲੋਕ ਸਾਡੇ ਪਿੱਛੇ ਪਿੱਛੇ ਆਉਣ,
ਉਨ੍ਹਾਂ ਕੀਤਾ ਸਾਨੂੰ ਸਦਾ ਅਣਗੌਲ਼ਿਆਂ ਦੇ ਵਾਂਗ।

ਉਨ੍ਹਾਂ ਨਾਲ ਕੌਣ ਤੁਰੇ ਜਿਹੜੇ ਰਾਹਾਂ ਵਿਚੋਂ ਮੁੜੇ,
ਉਨ੍ਹਾਂ ਕੁਝ ਨਾ ਪਛਾਤਾ ਅੰਨ੍ਹੇ ਬੋਲ਼ਿਆਂ ਦੇ ਵਾਂਗ।

ਜਿੰਨ੍ਹਾਂ ਰੁੱਖਾਂ ਕੋਲ ਫ਼ਲ ਫੁੱਲ ਹਰੇ ਪੱਤ ਸਨ,
ਐਸਾ ਸੇਕਿਆ ਹਵਾ ਨੇ ਹੋਏ ਕੋਲ਼ਿਆਂ ਦੇ ਵਾਂਗ।
●

❏

ਮੀਲਾਂ ਦੇ ਵਿਚ ਫ਼ੈਲ ਗਈ ਹੈ ਕਾਲੇ ਰੁੱਖ ਦੀ ਛਾਂ।
ਸਾਰੇ ਚਿਹਰੇ ਭੁੱਲ ਗਏ ਨੇ ਆਪੋ ਆਪਣੇ ਨਾਂ।

ਮਾਨ-ਸਰੋਵਰ ਖ਼ਾਲਮ-ਖ਼ਾਲੀ ਲਾ ਗਏ ਹੰਸ ਉਡਾਰੀ,
ਉਨ੍ਹਾਂ ਥਾਵੇਂ ਮੋਤੀ ਚੁਗਦੇ ਕਾਲੇ ਚਿੱਟੇ ਕਾਂ।

ਅੰਨ੍ਹੀ-ਬੋਲ਼ੀ ਰਾਤ 'ਚ ਜਗਦਾ ਦੂਰ-ਦੁਰਾਡੇ ਦੀਵਾ,
ਇਹਨੂੰ ਆਪਣੇ ਘਰ ਲੈ ਆਵਾਂ ਚਿਰ ਦਾ ਸੋਚ ਰਿਹਾਂ।

ਇਹ ਜਰਨੈਲੀ ਸੜਕ ਸਲੇਟੀ ਕਬਰਾਂ ਦੇ ਵੱਲ ਜਾਂਦੀ,
ਸਿੱਧੇ ਰਾਹਾਂ ਨੂੰ ਲੱਭਦਾ ਮੈਂ ਕਿੱਥੇ ਪਹੁੰਚ ਗਿਆਂ।

ਆਦਮ-ਬੋ ਆਦਮ-ਬੋ ਕਰਦੇ ਫਿਰਨ ਸ਼ਿਕਾਰੀ ਏਥੇ,
ਖੇਤਾਂ ਤੇ ਮਲ੍ਹਿਆਂ ਦੀ ਥਾਵੇਂ ਫ਼ੋਲਣ ਸ਼ਹਿਰ ਗਿਰਾਂ।

ਫਿਰ ਕੀ ਹੋਇਆ ਜੇਕਰ ਮੇਰੀ ਰੇਤ ਉਡਾਈ ਪੌਣਾਂ,
ਕੁਝ ਚਿਰ ਪਹਿਲਾਂ ਮੈਂ ਵੀ ਤਾਂ ਭਰ ਵਗਦਾ ਦਰਿਆ ਸਾਂ।

●

❑

ਕਰਕੇ ਜਿੰਨ੍ਹਾਂ ਨੂੰ ਯਾਦ ਮੈਂ ਰਾਤੀਂ ਸੀ ਰੋ ਪਿਆ।
ਉਨ੍ਹਾਂ ਸਵੇਰੇ ਉਠਦਿਆਂ ਬੂਹਾ ਹੀ ਢੋ ਲਿਆ।

ਇਹ ਉਮਰ ਜਿੰਨ੍ਹਾਂ ਵਾਸਤੇ ਰੱਖਣੀ ਸੀ ਰਾਖਵੀਂ,
ਉਨ੍ਹਾਂ ਨੇ ਸਾਡਾ ਰਾਤ ਦਿਨ ਹੁਣ ਤੋਂ ਹੀ ਖੋਹ ਲਿਆ।

ਦੁਸ਼ਮਣ ਤਾਂ ਦੁਸ਼ਮਣ ਹੈਣ ਹੀ ਯਾਰਾਂ ਨੂੰ ਕੀ ਕਹਾਂ,
ਸਾਰੇ ਦੇ ਸਾਰੇ ਸਾਜ਼ਿਸੀ ਸਭ ਨੂੰ ਹੈ ਟੋਹ ਲਿਆ।

ਜਿਸਨੂੰ ਮੈਂ ਲੱਭ ਰਿਹਾ ਸਾਂ ਢੱਕ ਕੇ ਜਿਸਮ ਆਪਣਾ,
ਰੌਲੇ 'ਚ ਕਿਸਨੇ ਮੈਥੋਂ ਮੇਰਾ ਚਿਹਰਾ ਖੋਹ ਲਿਆ।

ਵਗਦੀ ਹਵਾ ਦੇ ਕੰਨ ਵਿਚ ਖ਼ਵਰੇ ਤੂੰ ਕੀ ਕਿਹਾ,
ਮੈਨੂੰ ਲਿਪਟ ਗਈ ਮੈਨੂੰ ਜਦੋਂ ਮੈਂ ਤੇਰਾ ਨਾਂ ਲਿਆ।

ਕਾਹਦੇ ਗਿਲੇ, ਸ਼ਿਕਵੇ, ਸ਼ਿਕਾਇਤਾਂ ਨਾ ਮਿਲੇ ਤਾਂ ਕੀ,
ਏਨਾ ਬਹੁਤ ਹੈ ਦਰਦ ਦਾ ਮੈਂ ਗੀਤ ਛੋਹ ਲਿਆ।
●

❑

ਬੇ-ਮੌਸਮ ਬਰਸਾਤ ਮਧੋਲੀ ਫ਼ਸਲਾਂ ਦੀ ਖ਼ੁਸ਼ਬੋ।
ਸੜਕਾਂ ਉਤੇ ਚਹਿਲ-ਪਹਿਲ ਹੈ ਦਰਦ ਨਾ ਜਾਣੇ ਕੋ।

ਦਰਿਆ ਦੇ ਵਿਚ ਪਾਣੀ ਚੜ੍ਹਿਆ ਪਾਰ ਕਿਸ ਤਰ੍ਹਾਂ ਜਾਵਾਂ,
ਕਾਫ਼ੀ ਚਿਰ ਦਾ ਸੋਚ ਰਿਹਾ ਹਾਂ ਉਰਲੇ ਆਰ ਖਲੋ।

ਅੱਖਾਂ ਵਿਚ ਪਥਰਾਏ ਹੰਝੂ ਮੌਸਮ ਦੀ ਹੈ ਕਿਰਪਾ,
ਨਾ ਜੀਂਦੇ ਨਾ ਮੋਇਆਂ ਅੰਦਰ ਨਾ ਸਕਦੇ ਹਾਂ ਰੋ।

ਮਿੱਟੀ ਵਿਚ ਗੁਆਚੇ ਸੁਪਨੇ ਖੰਭ ਖੁਹਾ ਲਏ ਰੀਝਾਂ,
ਕਿਹੜਾ ਵੈਦ ਪਛਾਣੇ ਮਰਜ਼ਾਂ ਮਿਲਦੀ ਨਾ ਕਣਸੋਅ।

ਕਾਲ-ਕਲੂਟੀ ਰਾਤ ਹੈ ਸਿਰ ਤੇ ਟੋਏ-ਟਿੱਬੇ ਰਾਹ,
ਸਫ਼ਰ ਕਰਦਿਆਂ ਨਾਲ ਜਗਾਉ ਅਪਣੀ ਅਪਣੀ ਲੋਅ।

ਤੜਕਸਾਰ ਇਕ ਅਣਦਿਸ ਚਿਹਰਾ ਕੰਨਾਂ ਵਿਚ ਕਹਿ ਜਾਵੇ,
ਖੋਲ੍ਹ ਦਿਉ ਹੁਣ ਉਮਰਾਂ ਤੋਂ ਨੇ ਬੰਦ ਪਏ ਦਰ ਜੋ।
●

❑

ਗੁਆਚੇ ਯਾਰ ਸਾਰੇ ਸ਼ਹਿਰ ਵਿਚ ਕਿਸ ਨੂੰ ਬੁਲਾਵਾਂਗਾ।
ਮੈਂ ਕਿਸਦੇ ਕੋਲ ਜਾ ਕੇ ਆਪਣੀ ਵਿਥਿਆ ਸੁਣਾਵਾਂਗਾ।

ਜੇ ਰਾਤਾਂ ਕਾਲੀਆਂ ਤੇ ਲੰਮੀਆਂ ਏਦਾਂ ਹੀ ਰਹੀਆਂ ਤਾਂ,
ਮੈਂ ਕੀਕਣ ਚਾਨਣੀ ਵਿਚ ਫ਼ਲਣ ਵਾਲਾ ਬਿਰਖ਼ ਲਾਵਾਂਗਾ।

ਮੈਂ ਬਚਪਨ ਵਿਚ ਕਦੀ ਜਦ ਬੰਟਿਆਂ 'ਤੇ ਚੋਟ ਲਾਉਂਦਾ ਸਾਂ,
ਨਹੀਂ ਸਾਂ ਜਾਣਦਾ ਏਦਾਂ ਹੀ ਮੈਂ ਵੀ ਤਿੜਕ ਜਾਵਾਂਗਾ।

ਮੈਂ ਸਾਰੀ ਰਾਤ ਅੱਥਰੇ ਸੁਪਨਿਆਂ ਨੂੰ ਟਾਲਦਾ ਰਹਿਨਾਂ,
ਪਤਾ ਹੈ ਸਾਂਭ ਕੇ ਇਨ੍ਹਾਂ ਨੂੰ ਮੈਂ ਤਾਂ ਬਿਖ਼ਰ ਜਾਵਾਂਗਾ।

ਤੁਸਾਂ ਐਵੇਂ ਹੀ ਤਾੜੀ ਮਾਰ ਕੇ ਨਾ ਗੱਲ ਗੁਆ ਦੇਣੀ,
ਜਦੋਂ ਮੈਂ ਆਪਣੇ ਮੱਥੇ 'ਚ ਖੁੱਭੇ ਕਿੱਲ ਗਿਣਾਵਾਂਗਾ।

ਗੁਆਚੇ ਚਿਹਰਿਓ, ਆਓ ਤੁਹਾਨੂੰ ਘਰ ਨੂੰ ਲੈ ਚੱਲਾਂ,
ਨਹੀਂ ਤਾਂ ਆਪ ਵੀ ਮੈਂ ਰੌਲ਼ਿਆਂ ਵਿਚ ਗਰਕ ਜਾਵਾਂਗਾ।

●

ਪੈੜਾਂ ਤੇ ਕੁਝ ਰਿਸ਼ਤੇ ਨਵੇਂ ਨਵੇਲੇ।
ਇਕਲਾਪੇ ਵਿਚ ਇਹੀਓ ਸਾਥ ਸੁਹੇਲੇ।

ਭਟਕ ਚੁਕੇ ਹਾਂ ਅਸੀਂ ਬੜਾ ਹੀ ਪਹਿਲਾਂ,
ਖਾਣ ਨੂੰ ਆਉਂਦੇ ਹੁਣ ਤਾਂ ਜੂਹਾਂ ਬੇਲੇ।

ਮੋਇਆਂ ਦਾ ਗ਼ਮ ਸਿੱਲ੍ਹਾ ਸਿਰ ਤੇ ਚੁੱਕ ਕੇ,
ਜਾਗਦਿਆਂ ਦੇ ਸੁਪਨੇ ਗਏ ਤਰੇਲ਼ੇ।

ਕਿਉਂ ਤੇਰੇ ਹੋਠਾਂ 'ਤੇ ਚੁੱਪ ਦਾ ਪਹਿਰਾ,
ਨਾਗ ਤਾਂ ਜ਼ਹਿਰੀ ਮੁਸਕਣੀਆਂ ਸੰਗ ਖੇਲ੍ਹੇ।

ਨਾ ਰੋ ਐਵੇਂ ਬੀਤ ਗਿਆ ਕਰ ਚੇਤੇ,
ਨਾ ਹੁਣ ਐਵੇਂ ਟੱਕਰਾਂ ਮਾਰ ਕੁਵੇਲ਼ੇ।

❑

ਆਵਾਜ਼ ਮੇਰੀ ਪਰਤ ਕੇ ਆਈ ਨਾ ਮੇਰੇ ਕੋਲ।
ਕਾਹਨੂੰ ਤੂੰ ਐਵੇਂ ਵੇਖਨੈਂ ਭੁੱਬਲ ਨੂੰ ਫ਼ੋਲ ਫ਼ੋਲ।

ਜਸ਼ਨਾਂ 'ਚ ਰੁੱਝੇ ਲੋਕ ਨੇ ਤੇ ਬਲ਼ ਰਿਹਾ ਹਾਂ ਮੈਂ,
ਵੱਜਦੇ ਨਗਾਰੇ ਤੂਤੀਆਂ ਪਏ ਖੜਕਦੇ ਨੇ ਢੋਲ।

ਪੈਂਡੇ ਦੋਹਾਂ ਦੇ ਘਟਣ ਦੀ ਥਾਂ ਵਧ ਰਹੇ ਨੇ ਹੋਰ,
ਜਿੰਨਾ ਵੀ ਆਪਾਂ ਆ ਰਹੇ ਇਕ ਦੂਸਰੇ ਦੇ ਕੋਲ।

ਤੇਰੀ ਇਹ ਬਲ਼ਦੀ ਮੁਸਕਣੀ ਮੇਰੇ ਸਿਵੇ ਦੀ ਲਾਟ,
ਕੰਬਦੀ ਆਵਾਜ਼ ਵਾਂਗਰਾਂ ਕਿੱਦਾਂ ਰਹੀ ਹੈ ਡੋਲ।

ਕਿੰਨਾ ਅਜੀਬ ਹਾਦਿਸਾ ਕਿ ਮਰ ਗਿਆ ਹਾਂ ਮੈਂ,
ਦੁਸ਼ਮਣ ਤਾਂ ਖ਼ਾਲੀ ਹੱਥ ਸੀ ਹਥਿਆਰ ਮੇਰੇ ਕੋਲ।
●

❑

ਯਾਦਾਂ ਦੇ ਹਵਾਲੇ ਜਿੰਦ ਕੀਤਿਆਂ ਨ ਸਰੇ।
ਕੌਣ ਜਾਂ ਬੇਗਾਨੇ ਗ਼ਮ-ਸਾਗਰਾਂ 'ਚ ਤਰੇ।

ਕਾਹਦਾ ਪਛਤਾਵਾ ਜੜ੍ਹੋਂ ਆਪ ਹੀ ਤਾਂ ਪੁੱਟੇ,
ਭਰਮਾਂ ਦੇ ਰੁੱਖ ਕਦੇ ਹੋਣੇ ਨਹੀਂ ਸੀ ਹਰੇ।

ਰੋਕ ਲੈ ਤੂੰ ਅੱਖਾਂ ਤੋਂ ਤੂੰ ਨਦੀਆਂ ਪਿਛਾਂਹ,
ਰੋੜ੍ਹ ਹੀ ਨਾ ਦੇਣ ਮੈਨੂੰ ਹਠ ਤੋਂ ਇਹ ਪਰੇ।

ਠੀਕ ਸੀ ਜੇ ਤੋੜ ਤੀਕ ਨਿਭ ਜਾਂਦੇ ਦੋਵੇਂ,
ਠੀਕ ਹੈ ਜੇ ਦੋਵੇਂ ਹੀ ਨਾ ਜਿੱਤੇ ਨਾ ਹੀ ਹਰੇ।

ਖ਼ੋਟ ਦੇ ਜ਼ਮਾਨੇ ਵਿਚ ਹੋਣੀ ਸੀ ਅਖ਼ੀਰ,
ਫਿਰਦੇ ਗੁਆਚੇ ਦੋਵੇਂ ਸਿੱਕੇ ਆਪਾਂ ਖ਼ਰੇ।

ਹਵਾ ਹੱਥ ਭੇਜੀਂ ਨਾ ਤੂੰ ਚੇਤਿਆਂ ਦੀ ਡਾਕ,
ਵਾਪਸੀ ਬੇਰੰਗ ਚਿੱਠੀ ਮੁੜੂ ਤੇਰੇ ਘਰੇ।
●

❑

ਜੂਨ ਜੁਲਾਈ ਸਿਰ ਤੇ ਬਲ਼ਦੀ।
ਰਾਹੀਆਂ ਦੀ ਕੋਈ ਪੇਸ਼ ਨਾ ਚਲਦੀ।

ਚੀਲਾਂ ਗਿਰਝਾਂ ਕੁੱਤਿਆਂ ਦੇ ਵੱਸ,
ਜ਼ਿੰਦਗੀ ਹੈ ਅੱਜ ਤਲੀਆਂ ਮਲ਼ਦੀ।

ਆਦਮ-ਖ਼ੋਰ ਆਵਾਜ਼ਾਂ ਦੇ ਵਿਚ,
ਮੇਰੀ ਤਾਂ ਬਈ ਸੁਰ ਨਾ ਰਲ਼ਦੀ।

ਏਨੀ ਧੁੱਪ ਤੋਂ ਸਹਿਮ ਗਏ ਹੋ,
ਚੇਤੇ ਹੈ ਅੱਗ ਮਾਰੂਥਲ ਦੀ।

ਇਸ ਮੌਸਮ ਵਿਚ ਚੁੱਪ ਨਾ ਬੈਠੋ,
ਏਦਾਂ ਨਹੀਂ ਮੁਸੀਬਤ ਟਲ਼ਦੀ।

ਘੇਰ ਲਉ ਵਰਮੀ ਨੂੰ ਜਾ ਕੇ,
ਨਾਗਣ ਤਾਂ ਨਿੱਤ ਜਾਵੇ ਫ਼ਲਦੀ।

ਸੱਜੇ ਖੱਬੇ ਸਿਰ ’ਤੇ ਅਗਨੀ,
ਆਸ-ਕਰੂੰਬਲ ਫਿਰ ਵੀ ਪਲ਼ਦੀ।

●

❏

ਰੁਕ ਰੁਕ ਤੇਜ਼ ਹਵਾ ਨਾ ਚੱਲ।
ਕਾਫ਼ਲਿਆਂ ਦਾ ਰਾਹ ਨਾ ਮੱਲ।

ਜ਼ਖ਼ਮਾਂ ਖ਼ਾਤਰ ਮਰਹਮ ਬਣ ਜਾ,
ਹੋਰ ਵਧਾ ਨਾ ਦਿਲ ਦੇ ਸੱਲ।

ਅੱਜ ਦੀ ਏਸ ਭਿਆਨਕ ਰਾਤੇ,
ਚੰਗਾ ਲੱਗਦੈ ਬੀਤਿਆ ਕੱਲ੍ਹ।

ਹਰ ਮੀਟੀ ਮੈਂ ਹਾਰ ਗਿਆ ਹਾਂ,
ਜਿੱਤ ਦਾ ਕੋਈ ਸੁਨੇਹਾ ਘੱਲ।

ਤੁਰਦਾ ਤੁਰਦਾ ਏਸ ਪੜਾਅ ਤੇ,
ਪਹੁੰਚ ਗਿਆ ਏ ਦਿਲ ਦਾ ਝੱਲ।

ਸੱਚੋ ਸੱਚ ਇਹ ਦੱਸ ਦੇ ਤੂੰ ਹੈਂ,
ਦੁਸ਼ਮਣ ਵੱਲ ਜਾਂ ਮੇਰੇ ਵੱਲ।

ਮਸਾਂ ਮਸਾਂ ਅੱਜ ਲਾਟ ਬਣੀ ਹੈ,
ਧੁਖ਼ਦੀ ਧੁਖ਼ਦੀ ਦਿਲ ਦੀ ਗੱਲ।

ਤੂੰ ਤੇ ਮੈਂ ਜੇ ਰਲ਼ ਮਿਲ਼ ਜਾਈਏ,
ਬੀਤਿਆ, ਅੱਜ ਤੇ ਸਾਡਾ ਕੱਲ੍ਹ।
●

❏

ਹਰ ਸੀਸ ਤੇਗ ਹੇਠਾਂ ਹਰ ਜਿਸਮ ਆਰਿਆਂ 'ਤੇ।
ਇਹ ਕਿਸ ਤਰ੍ਹਾਂ ਦਾ ਮੌਸਮ ਆਇਆ ਹੈ ਸਾਰਿਆਂ 'ਤੇ।

ਪੈਰਾਂ 'ਚ ਝਾਂਜਰਾਂ ਨੇ ਬੇਚੈਨ ਆਂਦਰਾਂ ਨੇ,
ਨੱਚਦੇ ਹਾਂ ਨਾਚ ਕਿਹੜਾ ਕਿਸਦੇ ਇਸ਼ਾਰਿਆਂ 'ਤੇ।

ਵਰ੍ਹਿਆਂ ਤੋਂ ਸਾਂਭਿਆ ਹੈ ਜਿਸ ਚਾਨਣੀ ਦਾ ਸੁਪਨਾ,
ਕਿੰਨੀ ਕੁ ਦੇਰ ਹਾਲੇ ਪਰਚਾਂਗੇ ਲਾਰਿਆਂ 'ਤੇ।

ਹਰ ਬੋਲ ਉੱਤੇ ਪਹਿਰਾ ਵੀਰਾਨ ਜਿੰਦੂ ਸਹਿਰਾ,
ਹੈ ਸਾਜ਼ਿਸ਼ੀ ਕਰੋਪੀ ਛੰਨਾਂ ਤੇ ਢਾਰਿਆਂ 'ਤੇ।

ਮਿਲ ਕੇ ਹੀ ਜਰ ਸਕਾਂਗੇ ਉਹ ਹਾਦਿਸੇ ਨੂੰ ਆਪਾਂ,
ਡਿੱਗੀ ਜੇ ਬਿੱਜ ਕੋਈ ਬਰਫ਼ਾਂ ਦੇ ਠਾਰਿਆਂ 'ਤੇ।

ਕਿੱਧਰ ਨੂੰ ਕੋਈ ਜਾਵੇ ਕਿੱਧਰ ਤੋਂ ਕੋਈ ਆਵੇ,
ਹਰ ਸੜਕ ਚੌਂਕ ਗਲੀਆਂ ਪਹਿਰੇ ਨੇ ਸਾਰਿਆਂ 'ਤੇ।

ਇਹ ਰਾਤ ਦੀ ਸਿਆਹੀ ਹੱਡਾਂ 'ਚ ਬਹਿ ਨ ਜਾਵੇ,
ਗਰਮਾਓ ਸਰਦ ਜੁੱਸੇ ਰੱਖ ਕੇ ਅੰਗਾਰਿਆਂ 'ਤੇ।

ਇਹ ਜ਼ਿੰਦਗੀ ਹੈ ਯਾਰੋ ਕੋਈ ਵਾਰਤਾ ਨਹੀਂ ਹੈ,
ਚੱਲਦੀ ਰਹੂ ਜੋ ਆਪੇ ਢਿੱਲੇ ਹੁੰਗਾਰਿਆਂ 'ਤੇ।

●

❑

ਬੜਾ ਚਿਰ ਜੀ ਲਿਆ ਮੈਂ ਪਿੰਡ ਦਿਆਂ ਰੁੱਖਾਂ ਤੋਂ ਡਰ ਡਰ ਕੇ।
ਪਤਾ ਨਹੀਂ ਕਿੰਞ ਹਾਂ ਜ਼ਿੰਦਾ ਅਨੇਕਾਂ ਵਾਰ ਮਰ ਮਰ ਕੇ।

ਕਿਸੇ ਨੂੰ ਕੀ ਪਤਾ ਸੀ ਮਘ ਪਵੇਗੀ ਰਾਖ਼ 'ਚੋਂ ਏਦਾਂ,
ਜੋ ਆਪਾਂ ਠਾਰ ਦਿੱਤੀ ਅੱਗ ਬਰਫ਼ਾਂ ਹੇਠ ਧਰ ਧਰ ਕੇ।

ਇਹ ਦਿਲ, ਦਰਿਆ ਨਹੀਂ ਸੀ, ਨਹਿਰ ਵੀ ਲਹਿਰਾਂ ਵਿਹੂਣੀ ਸੀ,
ਇਹ ਜਾਦੂ ਮੇਲ਼ ਦਾ ਕਿ ਵਗ ਰਿਹਾਂ, ਕੰਢਿਆਂ ਤੋਂ ਭਰ ਭਰ ਕੇ।

ਤੂੰ ਜਿਸ ਦਿਨ ਮੇਰਿਆਂ ਹੋਠਾਂ ਤੋਂ ਮੇਰੀ ਬਾਤ ਖੋਹੀ ਸੀ,
ਮੈਂ ਉਸ ਦਿਨ ਬਹੁਤ ਰੋਇਆ ਆਪਣੇ ਪਰਛਾਵੇਂ ਤੋਂ ਡਰ ਡਰ ਕੇ।

ਮੈਨੂੰ ਲੱਗਦੈ ਬਹੁਤ ਭਟਕਾਂਗਾ ਮੈਂ ਤੈਥੋਂ ਜੁਦਾ ਹੋ ਕੇ,
ਮੈਂ ਦਿਲ ਨੂੰ ਸਾਂਭਦਾ ਹਾਂ ਤੇਰੀਆਂ ਹੀ ਗੱਲਾਂ ਕਰ ਕਰ ਕੇ।

ਇਹ ਮੇਰਾ ਸੀਸ ਐਵੇਂ ਦਰ-ਬ-ਦਰ ਨਹੀਂ ਭਟਕਦਾ ਫਿਰਦਾ,
ਇਹ ਝੁਕਿਆ ਜਦ ਵੀ ਝੁਕਿਆ ਸਿਰਫ਼ ਝੁਕਿਆ ਤੇਰੇ ਦਰ ਕਰਕੇ।

●

❑

ਦਿਨ ਭਰ ਜਿਹੜੀ ਰਾਤ ਉਡੀਕਾਂ ਰਾਤ ਪਏ ਘਬਰਾਵਾਂ।
ਸਮਝ ਨਹੀਂ ਆਉਂਦੀ ਅੰਨ੍ਹੇ ਖ਼ੂਹ 'ਚੋਂ ਕਿੱਧਰ ਨੂੰ ਮੈਂ ਜਾਵਾਂ।

ਓਸ ਕੁੜੀ ਨੂੰ ਹੁਣ ਹੱਥਾਂ ਦੀ ਮਹਿੰਦੀ ਤੋਂ ਡਰ ਲੱਗੇ,
ਜੀਹਦਾ ਕੰਤ ਜਹਾਜ਼ੇ ਚੜ੍ਹਿਆ ਲੈ ਕੇ ਚਾਰ ਕੁ ਲਾਵਾਂ।

ਬੰਦਿਆਂ ਦਾ ਇਤਬਾਰ ਭਲਾ ਮੈਂ ਕੀ ਕਰਦਾ ਇਸ ਰੁੱਤੇ,
ਰੁੱਖਾਂ ਨਾਲ ਖਲੋਤਾ ਮੈਂ ਹਾਂ ਜਾਂ ਪੱਤ ਵਿਰਲਾ ਟਾਵਾਂ।

ਕੱਲ੍ਹ ਤਿਰਕਾਲੀਂ ਡੁੱਬਦਾ ਸੂਰਜ ਜਾਪ ਰਿਹਾ ਸੀ ਏਦਾਂ,
ਜੀਕਣ ਸਾਮੀ ਘੇਰੀ ਹੋਵੇ ਸਾਡੇ ਪਿੰਡ ਦੇ ਸ਼ਾਹਵਾਂ।

ਕੱਲ੍ਹ ਦਰਿਆ ਸੀ ਚਾਰ-ਚੁਫ਼ੇਰੇ ਵਿੱਚ ਖਲੋਤਾ ਮੈਂ ਸਾਂ,
ਅੱਜ ਮੈਂ ਉਹਦੀ ਰੇਤ 'ਚ ਪੋਟਾ ਪੋਟਾ ਧਸਦਾ ਜਾਵਾਂ।

ਆਪਣੇ ਸ਼ਹਿਰ ਪਰਾਇਆਂ ਵਾਂਗੂੰ ਰੁੱਖ ਘੂਰਦੇ ਮੈਨੂੰ,
ਸ਼ਹਿਰ ਬੇਗਾਨੇ ਲੋਕੀਂ ਮੈਨੂੰ ਹੱਥੀਂ ਕਰਦੇ ਛਾਵਾਂ।

ਤੇਰੀ ਧੁੱਪ ਮੁਬਾਰਕ ਤੈਨੂੰ, ਛਾਂ ਤੇਰੀ ਵੀ ਤੈਨੂੰ,
ਮੈਨੂੰ ਬਹੁਤ ਗੁਜ਼ਾਰੇ ਜੋਗਾ ਆਪਣਾ ਹੀ ਪਰਛਾਵਾਂ।
●

❏

ਜੇ ਮੂੰਹੋਂ ਬੋਲਦੀ ਸ਼ੀਰੀਂ ਗ਼ਜ਼ਲ ਦੀ ਬਹਿਰ ਦੇ ਵਾਂਗੂੰ।
ਤਾਂ ਹੋ ਜਾਣਾ ਸੀ ਖ਼ੁਦ ਫ਼ਰਹਾਦ ਨੇ ਵੀ ਨਹਿਰ ਦੇ ਵਾਂਗੂੰ।

ਮੈਂ ਉਸ ਨੂੰ ਲੱਭਦਾ ਲੱਭਦਾ ਆਪ ਕਿਧਰੇ ਗੁੰਮ ਹੋ ਚੱਲਿਆਂ,
ਕਿਤੇ ਤਾਂ ਮਿਲ ਪਵੇ ਮੱਥੇ ਦੀ ਘੂਰੀ ਕਹਿਰ ਦੇ ਵਾਂਗੂੰ।

ਉਦ੍ਹੀ ਇਕ ਯਾਦ ਦਾ ਪੱਲੂ ਹੀ ਬਣਿਆ ਆਸਰਾ ਮੇਰਾ,
ਨਹੀਂ ਤਾਂ ਜ਼ਿੰਦਗੀ ਹੋ ਜਾਣੀ ਸੀ ਇਹ ਜ਼ਹਿਰ ਦੇ ਵਾਂਗੂੰ।

ਜਦੋਂ ਸੀ ਕੋਲ ਮੇਰੇ ਜਾਪਦੀ ਬਲ਼ਦੀ ਹੋਈ ਸ਼ਮ੍ਹਾਂ,
ਜਦੋਂ ਨਿੱਖੜੀ ਤਾਂ ਜਾਪੀ ਉਹ ਸਰਾਪੇ ਸ਼ਹਿਰ ਦੇ ਵਾਂਗੂੰ।

ਕਿਵੇਂ ਉਹਨੂੰ ਕਲਾਵੇ ਵਿਚ ਭਰਨ ਦਾ ਹੌਸਲਾ ਕਰਦਾ,
ਹਵਾ ਦਾ ਜਿਸਮ ਸੀ ਪਾਣੀ ਦੇ ਉਤਲੀ ਲਹਿਰ ਦੇ ਵਾਂਗੂੰ।

ਉਹ ਮੈਨੂੰ ਝੁਲਸ ਕੇ ਕਰ ਗਈ ਹਵਾਲੇ ਸ਼ਾਮ ਗੂੜ੍ਹੀ ਦੇ,
ਮਿਲੀ ਸੀ ਜ਼ਿੰਦਗੀ ਦੇ ਮੋੜ ’ਤੇ ਦੋਪਹਿਰ ਦੇ ਵਾਂਗੂੰ।

ਹੁਲਾਰਾ ਪੀਂਘ ਦਾ ਮੈਂ ਉਸ ਦਾ ਨਾਮ ਰੱਖ ਦਿੱਤਾ ਹੈ,
ਮਿਲੀ ਜੋ ਜ਼ਿੰਦਗੀ ਵਿਚ ਇਕ ਘੜੀ ਸੀ ਕਹਿਰ ਦੇ ਵਾਂਗੂੰ।

●

❏

ਸਾਡੇ ਘਰ ਨੂੰ ਤੀਲੀ ਲਾ ਗਏ ਬਹੁ-ਰੰਗੇ ਅਖ਼ਬਾਰ।
ਅੰਨ੍ਹੇ-ਕਾਣੇ ਫਿਰਨ ਘੁਮਾਉਂਦੇ ਦੋਧਾਰੀ ਤਲਵਾਰ।

ਨਾ ਅੰਬਰ 'ਚੋਂ ਬਿਜਲੀ ਡਿੱਗੀ ਨਾ ਕੋਈ ਹੋਰ ਚੁੜੇਲ,
ਬਿਟ ਬਿਟ ਝਾਕੇ ਕੰਧ 'ਤੇ ਬੈਠੀ ਖੰਭ-ਸੜਿਆਂ ਦੀ ਡਾਰ।

ਮਾਂ ਪਿਉ ਜਾਏ ਬਣੇ ਪਰਾਏ ਵੰਡਿਆ ਧਰਤੀ ਅੰਬਰ,
ਵਿਸ਼-ਵਣਜਾਰਿਆਂ ਲੀਕਾਂ ਪਾ ਕੇ ਦਿੱਤਾ ਕਹਿਰ ਗੁਜ਼ਾਰ।

ਅੰਦਰੋਂ ਕੁੰਡੀ ਲਾ ਕੇ ਸੁੱਤੇ ਵੈਦ-ਧਨੰਤਰ ਸਾਰੇ,
ਆਪਣੇ ਆਪ ਤਾਂ ਲਹਿ ਨਾ ਸਕਣਾ ਡਾਢਾ ਤੇਜ਼ ਬੁਖ਼ਾਰ।

ਮੌਸਮ ਸਿਰ ਇਲਜ਼ਾਮ ਲਗਾ ਕੇ ਕੰਢੇ 'ਤੇ ਜਾ ਬੈਠੇ,
ਚਿੱਟੇ ਲੀੜਿਆਂ ਵਾਲੇ ਮੇਰੇ ਵੰਨ ਸੁਵੰਨੇ ਯਾਰ।

ਗਲੀਆਂ ਚੌਂਕ ਚੁਰਸਤੇ ਸੜਕਾਂ ਸੁੰਨ ਮ-ਸੁੰਨੀਆਂ ਹੋਈਆਂ,
ਦਫ਼ਾ-ਚੁਤਾਲੀ ਧੌਣ ਪੰਜਾਲੀ ਜੇ ਰਲ ਬੈਠਣ ਚਾਰ।

ਏਦਾਂ ਗਰਕ ਗਰਕ ਕੇ ਯਾਰੋ ਬਾਕੀ ਰਹਿ ਕੀ ਜਾਊ,
ਵਧਦੀ ਗਈ ਜੇ ਏਦਾਂ ਆਪਣੇ ਗਰਕਣ ਦੀ ਰਫ਼ਤਾਰ।
●

❑

ਅੱਧੀ ਰਾਤੇ ਜਦ ਕੋਈ ਤਾਰਾ ਟੁੱਟੇ ਤਾਂ।
ਮੈਨੂੰ ਜਾਪੇ ਮੈਂ ਹੀ ਕਿਤਿਓਂ ਤਿੜਕ ਗਿਆਂ।

ਖਾਂਦੀ ਖਾਂਦੀ ਰਾਤ ਮੈਨੂੰ ਖਾ ਜਾਏਗੀ,
ਅੱਖ ਪਲਕ ਵਿਚ ਦੇਖ ਮੈਂ ਕਿੰਨਾ ਬਦਲ ਗਿਆਂ।

ਜਿਸ ਨੂੰ ਰੋਜ਼ ਉਡੀਕਦੇ ਹਾਂ ਦਿਨ ਚੜ੍ਹਦੇ ਤੋਂ,
ਢਿੱਲਾ ਜੇਹਾ ਮੂੰਹ ਲੈ ਆਉਂਦੈ ਦਿਨ ਢਲਿਆਂ।

ਮੱਥੇ ਵਿਚਲੀ ਤਲਬ ਜਹੀ ਤੜਫ਼ਾਉਂਦੀ ਹੈ,
ਸੌਂ ਜਾਵੇਗੀ ਇਕ ਅੱਧ ਬੁਰਕੀ ਦੇ ਮਿਲਿਆਂ।

ਰਾਹਾਂ ਦੇ ਵਿਚ ਖ਼ੁਰ ਚੱਲਿਆ ਸੀ ਮੇਰਾ ਤਨ,
ਤੈਨੂੰ ਚੇਤੇ ਕਰਕੇ ਏਨਾ ਵੀ ਬਚਿਆਂ।

ਕਦੇ ਕਦੇ ਇਹ ਅਣਖ਼ ਜਹੀ ਤੰਗ ਕਰਦੀ ਏ,
ਆਪਣੀ ਜਾਚੇ ਭਾਵੇਂ ਕਿੰਨਾ ਸੁਧਰ ਗਿਆਂ।

ਉਹਨੂੰ ਜੇਕਰ ਮੇਟ ਸਕੇਂ ਤਾਂ ਮੇਟ ਲਵੀਂ,
ਮੈਂ ਜਿਹੜੇ ਵਰਕੇ ਦਾ ਗੂੜ੍ਹਾ ਅੱਖਰ ਹਾਂ।

ਉਸ ਦਾ ਕੰਮ ਹੈ ਬਲਣਾ ਉਸ ਨੂੰ ਬਲਣ ਦਿਉ,
ਉਹ ਤਾਂ ਸੂਰਜ ਹੈ ਮੈਂ ਸੂਰਜ ਥੋਹੜਾ ਹਾਂ।

●

❑

ਗਰਦ ਚੜ੍ਹੀ ਅਸਮਾਨੇ ਰਾਤਾਂ ਕਾਲ਼ੀਆਂ।
ਸੋਹਣੇ ਪੁੱਤ ਗਵਾ ਲਏ ਪੁੱਤਾਂ ਵਾਲ਼ੀਆਂ।

ਸਿਖ਼ਰ ਦੁਪਹਿਰਾ ਸਿਰ 'ਤੇ ਕਾਂਬਾ ਕਹਿਰ ਦਾ,
ਦੋਹਾਂ ਚੋਂ ਕਿਸ ਰੁੱਤ ਨੂੰ ਦੇਵਾਂ ਗਾਲ਼ੀਆਂ।

ਪਾਲ਼ੇ ਠਰ ਕੇ ਰਾਤ ਮੁਸਾਫ਼ਰ ਮਰ ਗਿਆ,
ਹੁਣ ਕਿਉਂ ਲੋਥ ਸਿਰ੍ਹਾਣੇ ਅੱਗਾਂ ਬਾਲ਼ੀਆਂ।

ਆਰ ਪਾਰ ਪਈ ਮਹਿਕ ਕਰੇ ਅਠਖੇਲੀਆਂ,
ਕਾਹਨੂੰ ਵਿਚ ਵਿਚਾਲੇ ਲਾਈਆਂ ਜਾਲ਼ੀਆਂ।

ਪੇਟ ਵਜਾ ਕੇ ਭੁੱਖੇ ਗਾ ਕੇ ਰੱਜ ਗਏ,
ਦੇਣ ਤਸੱਲੀ ਆਈਆਂ ਜਦ ਨੂੰ ਥਾਲ਼ੀਆਂ।

ਰਾਤੀਂ ਖ਼ਬਰੇ ਕੌਣ ਸੁਨਾਉਣੀ ਦੇ ਗਿਆ,
ਬੋਹੜਾਂ ਦੇ ਪੱਬ ਡੋਲਣ ਥਿੜਕਣ ਟਾਹਲੀਆਂ।

ਜਾਦੂਗਰ ਦੀ ਸਾਜ਼ਿਸ਼ ਕੋਈ ਨਾ ਜਾਣਦਾ,
ਐਵੇਂ ਭੀੜ ਵਜਾਈ ਜਾਵੇ ਤਾਲ਼ੀਆਂ।

ਫੁੱਲਾਂ ਦਾ ਰੰਗ ਲਾਲ ਬਣੇਗਾ ਅੰਤ ਨੂੰ,
ਭਾਵੇਂ ਇਨ੍ਹਾਂ ਥੱਲੇ ਹਰੀਆਂ ਡਾਲ਼ੀਆਂ।

●

❑

ਜੇਕਰ ਬਿਜਲੀ-ਘਰ ਦੇ ਨੇੜੇ ਰੌਸ਼ਨ ਚਾਰ-ਚੁਫ਼ੇਰਾ ਹੈ।
ਇਹਦਾ ਮਤਲਬ ਇਹ ਤਾਂ ਨਹੀਂ ਕਿ ਹੋਇਆ ਸੋਨ-ਸਵੇਰਾ ਹੈ।

ਚੰਡੀਗੜ੍ਹ ਦੇ ਜੰਡ, ਕਰੀਰਾਂ ਸੜਕਾਂ ਕੋਲ ਤਾਂ ਹੈ ਚਾਨਣ,
ਸਾਡੇ ਪਿੰਡ ਦੇ ਅੰਦਰ ਬਾਹਰ ਕਾਲ਼ਾ ਘੋਰ-ਹਨੇਰਾ ਹੈ।

ਔੜ ਪਏ ਜਾਂ ਮਾਰ ਦਏ ਫਿਰ ਬੇਮੌਸਮ ਬਰਸਾਤ ਜਹੀ,
ਰੋਜ਼ ਦਿਹਾੜੀ ਮਰ ਮਰ ਜੀਣਾ ਸਾਡੇ ਪਿੰਡ ਦਾ ਜੇਰਾ ਹੈ।

ਪੁਰਖ਼ਿਆਂ ਨੇ ਤਲਵਾਰ, ਢਾਲ਼ ਦੇ ਨਾਲ ਕਦੇ ਜੋ ਜਿੱਤਿਆ ਸੀ,
ਓਸ ਕਿਲ੍ਹੇ ਵਿਚ ਅੱਜ ਕੱਲ੍ਹ ਲੱਗਿਆ ਵਿਸ਼-ਕੰਨਿਆ ਦਾ ਡੇਰਾ ਹੈ।

ਹੋਰ ਕਿਸੇ ਸੁਕਰਾਤ ਦੀ ਖ਼ਾਤਰ ਜ਼ਹਿਰ ਪਿਆਲਾ ਸਾਂਭ ਲਵੋ,
ਮੈਨੂੰ ਤਾਂ ਬੱਸ ਏਸੇ ਜੀਵਨ ਦਾ ਹੀ ਜ਼ਹਿਰ ਬਥੇਰਾ ਹੈ।

ਮੇਰੀ ਹੋਂਦ ਕਬੂਲ ਕਰੋਗੇ ਇਕ ਦਿਨ ਐਸਾ ਆਵੇਗਾ,
ਮੈਂ ਭਾਵੇਂ ਇਕ ਬਿੰਦੂ ਹਾਂ ਪਰ ਹਰ ਬਿੰਦੂ ਦਾ ਘੇਰਾ ਹੈ।

ਜਿੱਥੇ ਕਿਧਰੇ ਚੀਕਾਂ ਤੇ ਕੁਰਲਾਹਟਾਂ ਦੀ ਆਵਾਜ਼ ਸੁਣੇ,
ਹਰ ਬਸਤੀ, ਘਰ, ਸ਼ਹਿਰ, ਦੇਸ਼ ਤੇ ਹਰ ਧੁਖਦਾ ਪਿੰਡ ਮੇਰਾ ਹੈ।

●

❑

ਅਖ਼ਬਾਰਾਂ 'ਚ ਰੋਜ਼ਾਨਾ, ਮਰਿਆਂ ਦੀ ਖ਼ਬਰ ਲੱਗੇ।
ਜ਼ਹਿਰੀਲੀ ਹਵਾ ਦਾ ਹੀ, ਹਰਫ਼ਾਂ ਤੇ ਅਸਰ ਲੱਗੇ।

ਦੀਵਾਰਾਂ ਨੇ ਸਭ ਪਾਸੇ, ਨਾ ਬੂਹਾ ਨਾ ਬਾਰੀ ਹੈ,
ਅੰਬਰ ਵੱਲ ਝਾਕਦਿਆਂ, ਖੁੱਲ੍ਹਾ ਇੱਕ ਦਰ ਲੱਗੇ।

ਧੁੱਪਾਂ ਤੋਂ ਕਣੀਆਂ ਤੋਂ, ਜਿਸ ਛਤਰੀ ਬਚਾਉਣਾ ਸੀ,
ਉਸ ਕੱਪੜੇ ਸਣੇ ਤਾਰਾਂ, ਮੈਨੂੰ ਜਾਲ਼ ਤੋਂ ਡਰ ਲੱਗੇ।

ਇਹ ਵਕਤ ਭਲਾ ਕੈਸਾ, ਸਿਰ ਉੱਤੇ ਹੈ ਆਣ ਖੜ੍ਹਾ,
ਪਾਣੀ ਤੇ ਅਗਨ ਸਣੇ, ਸਾਹਾਂ ਤੇ ਵੀ ਕਰ ਲੱਗੇ।

ਕਤਰਨ ਨੂੰ ਖੰਭ ਮੇਰੇ, ਫਿਰ ਲੈ ਕੇ ਆਏ ਨੇ,
ਕੈਂਚੀ ਵੀ ਉਹ ਜਿਸਨੂੰ, ਸੋਨੇ ਦੇ ਨੇ ਪਰ ਲੱਗੇ।

ਸੋਚਾਂ ਦੀ ਹਨ੍ਹੇਰੀ ਵਿਚ, ਮੈਂ ਖਿੱਲਰ ਗਿਆਂ ਏਦਾਂ,
ਬੂਹੇ 'ਤੇ ਖੜ੍ਹੋਤਿਆਂ ਵੀ, ਸੌ ਮੀਲ ਤੇ ਘਰ ਲੱਗੇ।

ਤਲੀਆਂ ਤੇ ਸੀਸ ਟਿਕਾ, ਇਹ ਕੌਣ ਕਿਵੇਂ ਕਿਹੜੇ,
ਧੂੰਏਂ 'ਚ ਗੁਆਚ ਗਏ, ਇਹ ਕਿਸਦੇ ਮਗਰ ਲੱਗੇ?

●

❏

ਚੇਤੇ 'ਚੋਂ ਨਹੀਂ ਜਾਂਦੀ ਮੇਰੇ ਪਿਛਲੇ ਪਿੰਡ ਦੀ ਨਹਿਰ।
ਹੱਡਾਂ ਦੇ ਵਿਚ ਰਚਦਾ ਨਾ ਇਹ ਓਪਰਿਆਂ ਦਾ ਸ਼ਹਿਰ।

ਸਿਰ ਤੇ ਛਤਰੀ ਤਾਣ ਲਵਾਂ ਜੇ ਧੁੱਪ ਤੋਂ ਡਰਦਾ ਮਾਰਾ,
ਚੁਭਦੀ ਜਾਨ ਵਲੂੰਧਰਦੀ ਹੈ ਫਿਰ ਵੀ ਸਿਖ਼ਰ ਦੁਪਹਿਰ।

ਰੁੱਖਾਂ ਦੇ ਪਰਛਾਵੇਂ ਮੇਰੇ ਘਰ ਤੀਕਣ ਨਾ ਆਉਂਦੇ,
ਸੂਰਜ ਸਾਜ਼ਿਸ਼ ਕਰ ਲੈਂਦਾ ਹੈ ਕਿੱਡਾ ਵੱਡਾ ਕਹਿਰ।

ਹੁਣ ਲੋਹੜੇ ਦਾ ਮੀਂਹ ਆਵੇਗਾ ਰੁੱਖ ਡੋਲਦੇ ਵੇਖੋ,
ਅੰਬਰ ਦੇ ਨੈਣਾਂ 'ਚੋਂ ਦਿਸਦੀ ਸੁਰਮੇ-ਰੰਗੀ ਗਹਿਰ।

ਅਣਦੇਖੇ ਦੁਸ਼ਮਣ ਦਾ ਚਿਹਰਾ ਮੁੜ ਘਿੜ ਨਜ਼ਰੀਂ ਆਵੇ,
ਪਤਾ ਨਹੀਂ ਕੀ ਸੁਪਨਾ ਆਵੇ ਰਾਤ ਦੇ ਪਿਛਲੇ ਪਹਿਰ।

ਅਧਮੋਏ ਦਫ਼ਤਰ ਵਿਚ ਹੋਏ ਸੁੱਤ-ਉਨੀਂਦੇ ਲੋਕੀਂ,
ਸਹਿਕਦਿਆਂ ਨੂੰ ਖ਼ੋਰੀ ਜਾਵੇ ਚਾਕਰੀਆਂ ਦਾ ਜ਼ਹਿਰ।

ਕੱਲ-ਕਲੋਤਰ ਸ਼ਾਇਦ ਮੈਂ ਵੀ, ਪਾਣੀ ਵਿਚ ਵਹਿ ਜਾਵਾਂ,
ਕੱਲ੍ਹੀ ਕੀਕਣ ਤੁਰ ਸਕਦੀ ਏ ਪਾਣੀ ਉਤੇ ਲਹਿਰ।

●

❏

ਹਾੜ੍ਹ-ਮਹੀਨਾ ਸਿਖ਼ਰ-ਦੁਪਹਿਰਾ ਤੇਜ਼ ਹਵਾ।
ਵੇਂਹਦੇ ਵੇਂਹਦੇ ਸਾਵਾ ਰੁੱਖ ਸੀ ਝੁਲਸ ਗਿਆ।

ਰਾਤਾਂ ਦੇ ਜਗਰਾਤੇ ਕੱਟ ਕੇ ਜੋ ਬੁਣਿਆ,
ਨੇੜੇ ਆਇਆ ਸੁਪਨਾ ਹੱਥੋਂ ਤਿਲਕ ਗਿਆ।

ਸੀਟੀ ਮਾਰ ਜਗਾਉਂਦਾ ਸੀ ਜੋ ਪਿੰਡ ਸਾਰਾ,
ਪਹਿਰੇਦਾਰ ਪਤਾ ਨਹੀਂ ਕਿੱਥੇ ਗਰਕ ਗਿਆ।

ਜਿਸ ਦੀ ਸ਼ੂਕਰ ਦਿੱਲੀ-ਤਖ਼ਤ ਡਰਾਉਂਦੀ ਸੀ,
ਅੱਥਰਾ ਦਰਿਆ ਕਿਹੜੇ ਟਿੱਬਿਆਂ ਡੀਕ ਲਿਆ।

ਦਰਿਆਵਾਂ ਦੇ ਵਹਿਣ ਅਜੇ ਵੀ ਸ਼ੂਕਰਦੇ,
ਕਾਫ਼ਲਿਆਂ ਦਾ ਮੂੰਹ ਕਿਉਂ ਪਿੱਛੇ ਪਰਤ ਗਿਆ।

ਚਿੜੀ ਚੂਕਦੀ ਸ਼ੀਸ਼ੇ ਨੂੰ ਟੁਣਕਾਰ ਗਈ,
ਬਾਹਰ ਨਿਕਲੋ ਸੂਰਜ ਬੂਹੇ ਆ ਢੁਕਿਆ।

●

❑

ਯਤਨ ਕਰਾਂਗਾ ਮੱਥੇ ਵਿਚਲੀ ਬਲ਼ਦੀ ਅੱਗ ਨੂੰ ਠਾਰ ਦਿਆਂ।
ਆਪਣੇ ਵਿਚਲਾ ਅੱਥਰਾ ਘੋੜਾ ਮਾਰ ਮਾਰ ਕੇ ਮਾਰ ਦਿਆਂ।

ਸਰਦੀ ਰੁੱਤੇ ਸੇਕ ਨਹੀਂ ਪਰ ਜੇਠ ਹਾੜ੍ਹ ਨੂੰ ਤਪਦਾ ਹੈ,
ਰੋਜ਼ ਸੋਚਨਾਂ ਏਸ ਕਿਸਮ ਦੇ ਸੂਰਜ ਨੂੰ ਦੁਰਕਾਰ ਦਿਆਂ।

ਕੋਰੇ ਕਾਗਜ਼ 'ਤੇ ਨਾ ਐਵੇਂ ਨਵੀਆਂ ਲੀਕਾਂ ਵਾਹ ਦੇਵੇ,
ਪੁੱਤਰ ਕੋਲੋਂ ਕਾਪੀ ਖੋਹ ਕੇ ਰੱਦੀ ਚੋਂ ਅਖ਼ਬਾਰ ਦਿਆਂ।

ਵੱਖਰੇ ਵੱਖਰੇ ਮੋਰਚਿਆਂ ਤੇ ਵੰਨ-ਸੁਵੰਨੇ ਦੁਸ਼ਮਣ ਨੇ,
ਇਕ ਇਕੱਲਾ ਕਿੱਧਰ ਕਿੱਧਰ, ਕਿਸ ਕਿਸ ਨੂੰ ਮੈਂ ਹਾਰ ਦਿਆਂ।

ਪੱਥਰਾਂ ਦੀ ਬਰਸਾਤ 'ਚ ਟੁੱਟੇ ਸ਼ੀਸ਼ੇ ਵਰਗੇ ਸੁਪਨੇ ਸਭ,
ਫਿਰ ਵੀ ਪੱਥਰ ਚਾਹੁੰਦੇ ਨੇ ਮੈਂ ਪੱਥਰਾਂ ਨੂੰ ਸਤਿਕਾਰ ਦਿਆਂ।

ਤਲਖ਼ ਤਜ਼ਰਬੇ ਕੋਲ ਗਵਾਹ ਨੇ ਨਾ ਲਿਫ਼ਿਆ ਨਾ ਮੁੜਿਆ ਹਾਂ,
ਯਤਨ ਕਰਾਂਗਾ ਏਦਾਂ ਤਣ ਕੇ ਬਾਕੀ ਰਾਤ ਗੁਜ਼ਾਰ ਦਿਆਂ।

ਨਾ ਖ਼ਤ ਆਵੇ ਨਾ ਖ਼ਤ ਜਾਵੇ ਫਿਰ ਵੀ ਸਾਂਝ ਅਜੇ ਬਾਕੀ,
ਕੇਹੇ ਧਾਗੇ ਨਾਲ ਜਕੜਿਆ ਸੱਜਣਾਂ ਹੱਦੋਂ ਪਾਰ ਦਿਆਂ।
●

❑

ਅੰਗਾਂ ਦੇ ਵਿਚ ਵੜਦੀ ਜਾਵੇ ਠੰਢੀ ਠਾਰ ਹਵਾ।
ਸਰਦ ਸਿਆਲ਼ੀਆਂ ਰਾਤਾਂ ਦਿਲ ਚੋਂ ਅੱਗ ਨੂੰ ਚੂਸ ਲਿਆ।

ਮੀਂਹ ਦਾ ਪਾਣੀ ਹੜ੍ਹ ਦਾ ਪਾਣੀ ਏਥੇ ਆਣ ਖਲੋਵੇ,
ਨੀਵੇਂ ਥਾਂ 'ਤੇ ਉੱਗੇ ਰੁੱਖ ਨੂੰ ਡਾਢੀ ਸਖ਼ਤ ਸਜ਼ਾ।

ਨੰਗ-ਮੁਨੰਗੇ ਠੁਰ ਠੁਰ ਕਰਦੇ ਕੱਚੀਆਂ ਕੰਧਾਂ ਉਹਲੇ,
ਇਨ੍ਹਾਂ ਹਿੱਸੇ ਆਉਂਦੀ ਅੱਗ ਨੂੰ ਕਿਹੜਾ ਸੇਕ ਰਿਹਾ?

ਸਾਡੀ ਧਰਤੀ 'ਤੇ ਹਰ ਬੂਟਾ ਚੜ੍ਹੇ ਜਵਾਨੀ ਸੋਹਣੀ,
ਪਤਾ ਨਹੀਂ ਕਿਉਂ ਫ਼ਲ਼ ਦੀ ਰੁੱਤੇ ਰੁੱਖ ਜਾਵੇ ਕੁਮਲਾ।

ਤੇਜ਼ ਹਨੇਰੀ ਤੋਂ ਕੰਬਦਾ ਹੈ ਸਾਰਾ ਪਿੰਡ ਉਦੋਂ ਤੋਂ,
ਜਦ ਤੋਂ ਝਟਕੇ ਨਾਲ ਬੋਹੜ ਦਾ ਬੂਟਾ ਉਖੜ ਗਿਆ।

ਧਰਤੀ ਅੰਬਰ ਜਾਣ ਫ਼ੈਲਦੇ ਮਹਿਲ ਮੁਨਾਰੇ ਖ਼ਾਤਰ,
ਸਾਡੀ ਧਰਤੀ ਸਾਡਾ ਅੰਬਰ ਕਾਹਨੂੰ ਸੁੰਗੜ ਗਿਆ।

ਠਰਦੇ ਹੱਥਾਂ ਬਹੁਤ ਬੁਲਾਇਆ ਲੱਖ ਇਸ਼ਾਰੇ ਕੀਤੇ,
ਅੱਗ ਦਾ ਗੀਤ ਗਵੱਈਆ ਰਾਹ 'ਚੋਂ ਆ ਕੇ ਪਰਤ ਗਿਆ।

●

❑

ਜੰਗਲ ਦੇ ਵਿਚ ਸ਼ਾਮ ਪਈ ਤੇ ਖ਼ੁਰਿਆ ਹੈ ਪਰਛਾਵਾਂ।
ਵੰਨ-ਸੁਵੰਨੀਆਂ ਚੀਕਾਂ, ਕੂਕਾਂ, ਰੌਲਾ ਬੱਦ-ਬਲਾਵਾਂ।

ਜਿੰਨ੍ਹਾਂ ਦੇ ਗਲ ਸੰਗਲ ਰੱਸੇ ਹਾਰ ਹਮੇਲਾਂ ਛਣਕਣ,
ਖ਼ਸਮ ਪਛਾਣ ਕੇ ਪਿੱਛੇ ਤੁਰੀਆਂ ਭੇਡਾਂ, ਮੱਝਾਂ, ਗਾਵਾਂ।

ਸਿਰ ਤੇ ਜਦੋਂ ਦੁਪਹਿਰ ਖੜ੍ਹੀ ਸੀ ਕਦਮ ਨ ਪੁੱਟਿਆ ਕੋਈ,
ਸਾਨੂੰ ਐਵੇਂ ਬੰਨ੍ਹ ਬਿਠਾਇਆ ਬੁੱਢੇ ਰੁੱਖਾਂ, ਛਾਵਾਂ।

ਆਲ-ਦੁਆਲਾ ਸਾਰੇ ਰਸਤੇ ਸ਼ੇਰ ਬਘੇਲਿਆਂ ਮੱਲੇ,
ਤੇਰੇ ਤੱਕ ਵੀ ਆਵਾਂ ਤਾਂ ਦੱਸ ਕਿਹੜੇ ਰਸਤੇ ਆਵਾਂ।

ਸਿਰ ਤੇ ਐਨ ਵਰ੍ਹਾਊ ਬੱਦਲ, ਕਹਿਰ, ਗੁਬਾਰ, ਹਨ੍ਹੇਰਾ,
ਵਿਰਲਾਂ ਥਾਣੀਂ ਝਾਕੇ ਫਿਰ ਵੀ ਤਾਰਾ ਵਿਰਲਾ ਟਾਵਾਂ।

ਏਨੇ ਸਾਲ ਬੇਗਾਨੀ ਧਰਤੀ ਖ਼ੋਰ ਖ਼ੋਰ ਕੇ ਪੀਤਾ,
ਹੁਣ ਬਨਵਾਸੀ ਪੁੱਤਰਾਂ ਤਾਈਂ ਕਿੰਵ ਪਛਾਨਣ ਮਾਵਾਂ।
●

❏

ਜਿੰਨ੍ਹਾਂ ਦੇ ਪਿੰਡਿਆਂ ਦੇ ਉੱਤੇ ਲਿਸ਼ਕ-ਪੁਸ਼ਕਵੇਂ ਬਸਤਰ ਸੀ।
ਉਨ੍ਹਾਂ ਹੀ ਤਾਂ ਬੇ-ਤਰਤੀਬੀ ਕੀਤੀ ਸਾਡੀ ਨੀਂਦਰ ਸੀ।

ਖੁਸ਼ੀਆਂ ਵਿਚ ਮਖ਼ਮੂਰ ਜਦੋਂ ਸਨ ਮੇਰੀ ਜਾਨ ਦੇ ਵੈਰੀ ਲੋਕ,
ਮੇਰੇ ਅੰਦਰ ਖ਼ੌਲ਼ ਰਿਹਾ ਤਦ ਦੁੱਖ ਦਾ ਤਲਖ਼-ਸਮੁੰਦਰ ਸੀ।

ਗਰਮ ਹਵਾ ਦੇ ਰੋੜ੍ਹ 'ਚ ਰੁੜ੍ਹ ਗਏ ਕਿਣਕੇ 'ਕੱਲੇ 'ਕੱਲੇ ਸਨ,
ਵੇਖਣ ਨੂੰ ਜੋ ਲੱਗਦੇ ਭਾਵੇਂ ਗਿੱਲੇ ਰੇਤੇ ਦਾ ਘਰ ਸੀ।

ਚੋਰ-ਚਕਾਰ ਬੁਰੇ ਦੇ ਭਾਵੇਂ ਆਪਣੇ ਪੈਰ ਨਹੀਂ ਹੁੰਦੇ,
ਪਿੱਛਾ ਕਰਨੋਂ ਰੋਕ ਲਿਆ ਜਿਸ ਆਪਣੇ ਮਨ ਦਾ ਹੀ ਡਰ ਸੀ।

ਕਰਫ਼ਿਊ ਵਾਲੀ ਰਾਤ ਜਦੋਂ ਕਿ ਚਾਰ-ਚੁਫ਼ੇਰ ਹਨ੍ਹੇਰਾ ਸੀ,
ਇੱਕ ਟਟਹਿਣਾ ਜਗਦਾ, ਮੇਰੀਆਂ ਨਜ਼ਰਾਂ ਦੇ ਵਿੱਚ ਹੀ ਨਰ ਸੀ।

ਹਰ ਵਾਰੀ ਇਸ ਬਕਸੇ ਵਿਚੋਂ ਮੌਤ ਸੁਨੇਹਾ ਨਿਕਲ ਆਇਆ,
ਹਰ ਵਾਰੀ ਉਸ ਪਰਚੀ ਉਤੇ ਆਪਣੇ ਹੀ ਹਸਤਾਖ਼ਰ ਸੀ।

●

❑

ਚੰਡੀਗੜ੍ਹ ਦੇ ਬਾਗ਼ 'ਚ ਜੀਕੂੰ ਖੁਸ਼ਬੋਹੀਣ ਗੁਲਾਬ ਹੈ।
ਮੈਨੂੰ ਅੱਜ ਕੱਲ੍ਹ ਏਦਾਂ ਜਾਪੇ ਅਪਣਾ ਦੇਸ-ਪੰਜਾਬ ਹੈ।

ਇਸ ਬੂਟੇ ਨੂੰ ਕੰਡਿਆਂ ਤੋਂ ਬਿਨ ਹੋਰ ਤਾਂ ਕੁਝ ਵੀ ਲੱਗਣਾ ਨਾ,
ਫੁੱਲਾਂ ਖ਼ਾਤਰ ਲਾਈ ਜਾਵੇ ਇਹ ਭੜੂਆ ਜੋ ਦਾਬ ਹੈ।

ਮੋਢਿਆਂ ਨਾਲੋਂ ਛਾਂਗੀਆਂ ਬਾਹਾਂ, ਬੇ-ਸਿਰ, ਪੈਰ-ਵਿਹੂਣੇ ਲੋਕ,
ਰੋਜ਼ ਰਾਤ ਨੂੰ ਅੱਜ-ਕੱਲ੍ਹ ਮੈਨੂੰ ਦਿਸਦਾ ਏਹੀ ਖ਼੍ਵਾਬ ਹੈ।

ਪਾਟੀਆਂ ਲੀਰਾਂ ਵਾਂਗ ਰੁਲ਼ੇ ਨਾ ਇਹਦਾ ਵਰਕਾ ਵਰਕਾ ਵੀ,
ਸਾਂਝ-ਭਰਪੱਣ ਵਾਲੀ ਇਹ ਜੋ ਹੱਥਾਂ ਵਿਚ ਕਿਤਾਬ ਹੈ।

ਜਨਮ, ਜ਼ਾਤ ਤੇ ਨਸਲਾਂ ਦੇ ਅਨੁਸਾਰ ਖ਼ੂਨ ਦਾ ਰੰਗ ਹੋਵੇ,
ਮੂਰਖ਼ ਨੂੰ ਸਮਝਾਵੇ ਕਿਹੜਾ, ਇਹ ਤਾਂ ਗਲਤ ਹਿਸਾਬ ਹੈ।

ਕਿਹੜਾ ਮਾਲੀ ਐਸੀ ਡਾਲੀ ਫਿਰ ਲਾਵੇਗਾ ਘਰ ਸਾਡੇ,
ਜਿਸ ਦੀ ਖੁਸ਼ਬੋ ਆਪ ਕਹੇਗੀ ਇਹ ਸਾਡਾ ਪੰਜਾਬ ਹੈ।
●

❏

ਹੌਕਿਆਂ ਦੇ ਵਿਚ ਉਲਝ ਗਈ ਹੈ ਸਾਹਾਂ ਦੀ ਖੁਸ਼ਬੋ।
ਧੂੰਏਂ ਵਿਚ ਗਵਾਚ ਗਈ ਹੈ ਕਿਉਂ ਸੂਰਜ ਦੀ ਲੋਅ।

ਮੈਂ ਤੇਰਾ ਇਕ ਜਾਣਕਾਰ ਹਾਂ ਗੂੜ੍ਹ-ਨੇਰ੍ਹੀਏ ਰਾਤੇ,
ਸਾਡੇ ਹਿੱਸੇ ਦਾ ਸੂਰਜ ਨਾ ਬੁੱਕਲ਼ ਵਿਚ ਲੁਕੋ।

ਸੁਰਖ਼-ਸਵੇਰਾ ਚੀਰ ਹਨੇਰਾ ਤੇਰੇ ਦਰ 'ਤੇ ਆਇਆ,
ਜਾਗ ਸੁੱਤਿਆ ਲੋਕਾ ਉੱਠ ਕੇ ਤੇਲ ਤਾਂ ਬੂਹੇ ਚੋ।

ਚਾਰ-ਦੀਵਾਰੀ ਅੰਦਰ ਖੁਸ਼ਬੋ ਕੈਦਣ ਬਣ ਕੇ ਰੋਵੇ,
ਕੱਚਿਆਂ-ਵਿਹੜਿਆਂ ਪਾਲੀ ਪੋਸੀ ਗਈ ਪਰਾਈ ਹੋ।

ਪੈਰ ਪੈਰ ਤੇ ਮੌਤ ਖਲੋਤੀ ਦਰ-ਦਰਵਾਜ਼ੇ ਖੋਲ੍ਹੀ,
ਸਾਡੇ ਲਈ ਜ਼ਿੰਦਗਾਨੀ ਨੇ ਵੀ ਬੂਹੇ ਲਏ ਨੇ ਢੋਅ।

ਰਾਵੀ ਦੇ ਉਰਵਾਰ-ਪਾਰ ਦੁੱਖ-ਦਰਦਾਂ ਦਾ ਰੰਗ ਇੱਕੋ,
ਜਿਸਮ ਚੀਰ ਕੇ ਮੁਲਕ ਬਣਾਏ ਭਾਵੇਂ ਇਕ ਤੋਂ ਦੋ।
●

❑

ਚਾਰ-ਚੁਫ਼ੇਰੇ 'ਨੇਰ੍ਹ ਦਾ ਪਹਿਰਾ ਗਠੜੀ ਲੈ ਗਏ ਚੋਰ।
ਅੱਧ-ਸੁੱਤੀਏ ਹੁਣ ਜਾਗ ਨੀ ਤੇਰਾ ਲੁੱਟਿਆ ਸ਼ਹਿਰ ਭੰਬੋਰ।

ਸੱਤਰੰਗੀ ਅਸਮਾਨ ਦੀ ਲੀਲ੍ਹਾ ਕੋਲ ਸੀ ਜਿਹੜੀ ਉੱਡਦੀ,
ਅੱਜ ਬੇਗਾਨਿਆਂ ਤੋੜ ਮਰੋੜੀ ਸਣੇ ਪਤੰਗ ਦੇ ਡੋਰ।

ਨਾ ਕੋਈ ਬਾਗ਼-ਬਗੀਚਾ ਖਿੜਿਆ ਨਾ ਅੰਬਾਂ ਨੂੰ ਬੂਰ,
ਨਾ ਕੋਇਲਾਂ ਨਾ ਗਾਉਣ ਬੰਬੀਹੇ ਨਾ ਹੀ ਨੱਚਦੇ ਮੋਰ।

ਸਾਡੇ ਚਿਹਰੇ ਇੰਵ ਧੁਆਂਖੇ ਰਹੀ ਪਛਾਣ ਨਾ ਕੋਈ,
ਆਪਣੇ ਜ਼ਖ਼ਮ ਵਿਖਾ ਕੇ ਕੁੰਜੀਆਂ ਲੈ ਗਿਆ ਕੋਈ ਹੋਰ।

ਲਹਿੰਦੇ ਬੰਨੇ ਸੂਰਜ ਨੂੰ ਅੱਗ ਲੱਗ ਕੇ ਬੁਝ ਗਈ ਹੈ,
ਚੜ੍ਹਦੇ ਪਾਸੇ ਹੋਰ ਚੜ੍ਹੀ ਹੈ ਕਾਲ਼ੀ-ਘਟ ਘਨਘੋਰ।

ਰੁਕ ਰੁਕ ਕੇ ਸਾਹ ਚੱਲਦਾ ਜਾਪੇ ਨਬਜ਼ ਖਲੋਤੀ ਹੋਈ,
ਢੀਠ ਮੁਲਕ ਦੀ ਪਹਿਲਾਂ ਨਾਲੋਂ ਵੀ ਮਸਤਾਨੀ ਤੋਰ।

ਸੱਜੇ ਖੱਬੇ ਅੱਗੜ ਪਿੱਛੜ ਗੱਲ ਕਾਹਦੀ ਹਰ ਪਾਸੇ,
ਚੋਰ-ਉਚੱਕਿਆਂ ਰਲ ਕੇ ਮੱਲਿਆ ਸਾਡਾ ਤਖ਼ਤ-ਲਾਹੌਰ।
●

❑

ਅੰਬਰ ਦੇ ਵਿਚ ਬਿਜਲੀ ਕੜਕੇ, ਲਿਸ਼ਕੇ, ਚਮਕ ਡਰਾਵੇ।
ਬਾਹਰ ਖਲੋਤੀਆਂ ਪੱਕੀਆਂ ਕਣਕਾਂ ਜਾਨ ਨਿਕਲਦੀ ਜਾਵੇ।

ਲਿਸ਼ਕ ਚਾਨਣੀ ਮਾਰ ਗਈ ਹੈ ਲਹਿ-ਲਹਿਰਾਉਂਦੇ ਛੋਲੇ,
ਦਾਣਿਆਂ ਦੀ ਥਾਂ ਘਰ ਨੂੰ ਪਰਤੇ ਹੌਕੇ ਹੰਝੂ ਹਾਵੇ।

ਸਾਡੇ ਪਿੰਡ ਤਾਂ ਫੂਹੜੀ ਵਿਛ ਗਈ ਗੜ੍ਹੇਮਾਰ ਦੇ ਮਗਰੋਂ,
ਸ਼ਹਿਰਾਂ ਦੇ ਵਿਚ ਲਾਊਡ-ਸਪੀਕਰ ਉੱਚੀ ਉੱਚੀ ਗਾਵੇ।

ਕੱਚੇ ਘਰ ਪਾਣੀ ਵਿਚ ਡੁੱਬੇ ਖ਼ੁਰਦੀਆਂ ਜਾਵਣ ਕੰਧਾਂ,
ਉੱਚੇ, ਪੱਕੇ ਘਰ ਦੇ ਵਿਹੜੇ ਚਿੜੀ ਰੇਤ ਵਿਚ ਨ੍ਹਾਵੇ।

ਚਾਰ-ਚੁਫ਼ੇਰੇ ਚਿੱਕੜ ਖੋਭਾ ਗੋਡੇ ਗੋਡੇ ਪਾਣੀ,
ਸਾਡੀ ਖ਼ਬਰ-ਸਾਰ ਨੂੰ ਕਿੱਦਾਂ ਪਤਵੰਤਾ ਕੋਈ ਆਵੇ।

ਲਹਿਣੇਦਾਰ ਆਵਾਜ਼ਾਂ ਮਾਰਨ ਬੂਹੇ ਨੂੰ ਖੜਕਾ ਕੇ,
ਖ਼ਾਲੀ ਜੇਬ ਹੁੰਗਾਰਾ ਭਰਨੋਂ ਵੀ ਕੰਨੀ ਕਤਰਾਵੇ।

ਠੰਢਾ-ਚੁੱਲ੍ਹਾ ਖ਼ਾਲੀ-ਬੋਰੀ ਸੱਖਣੇ-ਪੀਪੇ ਰੋਂਦੇ,
ਵੇਖ ਭੜੋਲੀਆਂ ਖ਼ਾਲਮ-ਖ਼ਾਲੀ ਸਾਹ-ਸਤ ਮੁੱਕਦਾ ਜਾਵੇ।

●

❑

ਆਲ਼ ਦੁਆਲ਼ੇ ਲਾਟਾਂ ਵਗਦੀ ਗਰਮ ਹਵਾ।
ਚਿਰ ਤੋਂ ਗਾਉਂਦਾ ਪੰਛੀ ਸੁਰ ਤੋਂ ਡੋਲ ਗਿਆ।

ਦਰਿਆ ਪਾਣੀ ਵਗਦੇ ਇਕ ਦਮ ਠਹਿਰ ਗਏ,
ਕਿਸ ਕਲਜੋਗਣ ਨਹਿਸ਼ ਪਰੀ ਦਾ ਪੈਰ ਪਿਆ।

ਪਤਾ ਨਹੀਂ ਕੀਹ ਮਾਰ ਵਗੀ ਹੈ ਸਮਿਆਂ ਨੂੰ,
ਫੁੱਲਾਂ ਦੀ ਖ਼ੁਸ਼ਬੋਈ ਕੋਈ ਚੂਸ ਗਿਆ।

ਏਨੀ ਤੇਜ਼ ਹਨ੍ਹੇਰੀ ਆਈ ਇਸ ਵਾਰੀ,
ਬਾਗ਼-ਬਗੀਚਾ ਜੰਗਲ-ਬੂਟਾ ਸਹਿਮ ਗਿਆ।

ਹੱਥ ਨੂੰ ਹੱਥ ਪਛਾਨਣ ਤੋਂ ਇਨਕਾਰ ਕਰੇ,
'ਨ੍ਹੇਰੇ ਦਾ ਪਰਿਵਾਰ ਚੁਫ਼ੇਰੇ ਫ਼ੈਲ ਗਿਆ।

ਡਾਰੋਂ-ਵਿੱਛੜੀ ਕੂੰਜ ਵਾਂਗ ਕੁਰਲਾਉਂਦੀ ਹੈ,
ਬਲ਼ਦੀ ਅੱਗ ਨੇ ਜੀਵਨ ਨੂੰ ਇੰਝ ਘੇਰ ਲਿਆ।

ਬਾਲ-ਬਚਪਨਾ ਕਲਮ-ਦਵਾਤ ਸਲੇਟਾਂ ਵੀ
ਉਜੜਾ, ਐੜਾ ਸਣੇ ਬਸਤਿਆਂ ਝੁਲ਼ਸ ਗਿਆ।
●

❑

ਹਵਾ ਵਿਚ ਉੱਡ ਰਿਹਾ ਸਾਂ, ਡਿੱਗ ਪਿਆ ਹਾਂ।
ਮੈਂ ਆਪਣੇ ਆਪ ਵਿਚੋਂ ਲਾਪਤਾ ਹਾਂ।

ਦਿਆਂ ਪਰਵਾਜ਼ ਦਾ ਤੋਹਫ਼ਾ ਕੀ ਅੰਬਰ,
ਮੈਂ ਖੰਭਾਂ ਤੋਂ ਵਿਹੂਣਾ ਹੋ ਗਿਆ ਹਾਂ।

ਚੁਫ਼ੇਰੇ ਜ਼ਹਿਰ ਹੈ ਸੱਪਾਂ 'ਚ ਘਿਰਿਆਂ,
ਜਵਾਨੀ ਵਿਚ ਹੋਇਆ ਹਾਦਿਸਾ ਹਾਂ।

ਤੂੰ ਮੈਥੋਂ ਦੂਰ ਹੈਂ ਆਵਾਜ਼ ਤਾਂ ਦੇਹ,
ਸੁਰਾਂ ਨੂੰ ਸਹਿਕਦਾ ਮੈਂ ਬੇ-ਸੁਰਾ ਹਾਂ।

ਤਰਸਦਾ ਹਾਂ ਮੈਂ ਤੇਰੀ ਰੌਸ਼ਨੀ ਨੂੰ,
ਮੈਂ ਤੇਰੇ ਬਾਝ ਤਾਂ ਬੁਝਿਆ ਪਿਆ ਹਾਂ।

ਤੇਰੀ ਉਸ ਮੁਸਕਣੀ ਤੋਂ ਕੁਝ ਕੁ ਪਹਿਲਾਂ,
ਮੈਂ ਬਿਲਕੁਲ ਆਮ ਵਰਗਾ ਆਦਮੀ ਸਾਂ।

ਹਜ਼ਾਰਾਂ ਵਾਰ ਇੱਕੋ ਸਿਰ ਤੇ ਸਹਿ ਕੇ,
ਮੈਂ ਤੇਰੇ ਸਾਹਮਣੇ ਸਾਬਤ ਖੜ੍ਹਾ ਹਾਂ।
●

❑

ਤਪਦੇ ਥਲਾਂ ਦਾ ਪੈਂਡਾ ਸਾਹਾਂ ਦੀ ਰਾਸ ਲੈ ਕੇ।
ਮੈਂ ਤੁਰ ਰਿਹਾ ਹਾਂ ਫਿਰ ਵੀ ਜਨਮਾਂ ਦੀ ਪਿਆਸ ਲੈ ਕੇ।

ਕੰਡਿਆਂ 'ਚ ਉਲਝਦੀ ਹੈ ਹਰ ਵਾਰ ਨਜ਼ਰ ਮੇਰੀ,
ਇਹ ਜ਼ਿੰਦਗੀ ਨਾ ਮਹਿਕੀ ਫੁੱਲਾਂ ਦੀ ਬਾਸ ਲੈ ਕੇ।

ਹਰ ਇਕ ਕਦਮ ਤੇ ਪੀੜਾਂ ਤੇ ਪੈਰ ਪੈਰ ਛਾਲੇ,
ਮੈਂ ਆ ਰਿਹਾ ਹਾਂ ਏਥੇ ਛਮਕਾਂ ਦੀ ਲਾਸ ਲੈ ਕੇ।

ਭਾਵੇਂ ਉਡੀਕ ਮੈਨੂੰ ਜਾਂ ਨਾ ਉਡੀਕ ਐਪਰ,
ਬੂਹੇ 'ਚ ਬੈਠ ਨਾ ਤੂੰ ਚਿਹਰਾ ਉਦਾਸ ਲੈ ਕੇ।

ਸ਼ਿਕਵਾ ਸ਼ਿਕਾਇਤ ਰੋਸਾ ਕਿਸ 'ਤੇ ਕਰਾਂ ਮੈਂ ਯਾਰੋ,
ਮੈਂ ਆਪ ਆ ਰਿਹਾ ਹਾਂ ਜੰਗਲ ਦਾ ਵਾਸ ਲੈ ਕੇ।

ਐ ਜ਼ਿੰਦਗੀ ਤੂੰ ਮਿਲ ਜਾ, ਤੈਨੂੰ ਉਡੀਕਦਾ ਮੈਂ
ਅੱਜ ਤੀਕ ਜੀਅ ਰਿਹਾ ਹਾਂ ਮਿਲਣੇ ਦੀ ਆਸ ਲੈ ਕੇ।

●

❑

ਹਰ ਹਾਦਿਸੇ ਨੂੰ ਜਿਹੜਾ ਮਿਲਦਾ ਸੀ ਮੁਸਕਰਾ ਕੇ।
ਉਹ ਅੱਜ ਬਹੁਤ ਬਹੁਤ ਰੋਇਆ ਬੁੱਕਲ ਮੇਰੀ 'ਚ ਆ ਕੇ।

ਕੋਹਾਂ ਤੋਂ ਲਿਸ਼ਕ ਜਿਸਦੀ ਆਵਾਜ਼ ਮਾਰਦੀ ਸੀ,
ਸਾਗਰ ਉਹ ਰੇਤ ਦਾ ਸੀ ਤੱਕਿਆ ਮੈਂ ਨੇੜ ਜਾ ਕੇ।

ਲਫ਼ਜ਼ਾਂ ਤੇ ਸੁਰ ਨੇ ਮਿਲਕੇ ਨੇਰ੍ਹੇ ਨੂੰ ਚੀਰਨਾ ਹੈ,
ਖ਼ਾਮੋਸ਼ੀਆਂ ਨੂੰ ਤੋੜੋ ਦਰਦੀਲੀ ਹੇਕ ਲਾ ਕੇ।

ਆਸਾਂ, ਉਮੀਦਾਂ, ਰੀਝਾਂ ਜੀਵਨ ਦਾ ਆਸਰਾ ਨੇ,
ਦੁੱਖ ਦੀ ਘੜੀ ਨੂੰ ਟਾਲ਼ੋ ਇਨ੍ਹਾਂ ਦੀ ਬਾਤ ਪਾ ਕੇ।

ਪੱਥਰ ਉਹ ਰਾਹ ਦਾ ਸੀ ਐਪਰ ਕਮਾਲ ਦਾ ਸੀ,
ਅੱਜ ਜ਼ਿੰਦਗੀ ਹੈ ਜਾਗੀ ਓਸੇ ਦੀ ਚੋਟ ਖਾ ਕੇ।
●

❑

ਸਾਂਭ ਕੇ ਕਾਗ਼ਜ਼ ਕਿਤਾਬਾਂ ਕੰਧ 'ਤੇ ਲਿਖਿਆ ਪੜ੍ਹੋ।
ਸਾਂਭ ਕੇ ਕਲਮਾਂ, ਦਵਾਤਾਂ, ਕੰਧ 'ਤੇ ਲਿਖਿਆ ਪੜ੍ਹੋ।

ਸੇਕ ਮਾਰਨ ਸੁਰਖ਼ੀਆਂ ਅਖ਼ਬਾਰ ਦੀਆਂ ਰੋਜ਼ ਹੀ,
ਅੱਗ ਉਗਲਣ ਵਾਰਦਾਤਾਂ, ਕੰਧ 'ਤੇ ਲਿਖਿਆ ਪੜ੍ਹੋ।

ਖ਼੍ਵਾਬ ਵਿਚ ਵੇਖੇ ਨਹੀਂ ਅੱਖਰ ਕਦੇ ਏਨੇ ਉਦਾਸ,
ਰੁੱਤ ਨੇ ਦਿੱਤੀਆਂ ਸੁਗਾਤਾਂ, ਕੰਧ 'ਤੇ ਲਿਖਿਆ ਪੜ੍ਹੋ।

ਜ਼ਿੰਦਗੀ ਵਿਚ ਕਿਸ ਤਰ੍ਹਾਂ ਦਾ ਦਖ਼ਲ ਦਿੱਤੈ ’ਨ੍ਹੇਰਿਆਂ,
ਹੋ ਗਈਆਂ ਬਲਵਾਨ ਰਾਤਾਂ, ਕੰਧ 'ਤੇ ਲਿਖਿਆ ਪੜ੍ਹੋ।

ਰਾਤ ਦਿਨ ਮੌਸਮ ਹਵਾਵਾਂ 'ਨ੍ਹੇਰੀਆਂ ਤੇ ਬਿਜਲੀਆਂ,
ਕਿੰਨੀਆਂ ਗੋਤਾਂ ਤੇ ਜ਼ਾਤਾਂ, ਕੰਧ 'ਤੇ ਲਿਖਿਆ ਪੜ੍ਹੋ।

●

❏

ਜਦੋਂ ਪੰਛੀ ਪਰਾਂ ਨੂੰ ਤੋਲਦਾ ਹੈ।
ਮੇਰੇ ਸਾਹਾਂ 'ਚ ਮਿਸ਼ਰੀ ਘੋਲਦਾ ਹੈ।

ਗੁਆਚੀ ਮਹਿਕ ਸੁੱਚੇ ਰਿਸ਼ਤਿਆਂ ਦੀ,
ਮੇਰਾ ਮਨ ਮਾਰੂਥਲ 'ਚੋਂ ਟੋਲਦਾ ਹੈ।

ਸਣੇ ਤਰਕਸ਼ ਸਮੇਂ ਨੇ ਮਾਰਿਆ ਹਾਂ,
ਮੇਰੇ ਅੰਦਰ ਦਾ ਮਿਰਜ਼ਾ ਬੋਲਦਾ ਹੈ।

ਜਦੋਂ ਵੀ ਫ਼ੋਲਦਾ ਹਾਂ ਖ਼ਤ ਪੁਰਾਣੇ,
ਕਲੇਜਾ ਪਾਰੇ ਵਾਂਗੂੰ ਡੋਲਦਾ ਹੈ।

ਅਰਸ਼ ਵਿਚ ਡਾਰ ਤੱਕ ਮੁਰਗਾਬੀਆਂ ਦੀ,
ਕੋਈ ਰੇਤੇ 'ਚੋਂ ਪੈੜਾਂ ਫ਼ੋਲਦਾ ਹੈ।

●

❑

ਕੰਡਿਆਂ ਦੀ ਤਾਰ ਅੰਦਰ ਜ਼ਿੰਦਗੀ।
ਹੋਰ ਕਿਸ ਨੂੰ ਆਖਦੇ ਨੇ ਖ਼ੁਦਕੁਸ਼ੀ।

ਇਹ ਹਵਾ ਕਿੱਥੋਂ ਕੁਲਹਿਣੀ ਆ ਗਈ,
ਕੰਬਦੇ ਨੇ ਪਿੰਡ ਵੀ ਤੇ ਸ਼ਹਿਰ ਵੀ।

ਛਾਂਗਿਆ ਰੁੱਖਾਂ ਨੂੰ ਜਦ ਤਲਵਾਰ ਨੇ,
ਜੀਂਦੀਆਂ ਟਾਹਣਾਂ ਦੀ ਨਿਕਲੀ ਚੀਕ ਸੀ।

ਵਕਤ ਨੇ ਪੈਰਾਂ 'ਚ ਏਦਾਂ ਮਿੱਧਿਆ,
ਵੈਣ ਵਾਂਗੂੰ ਰੜਕਦੇ ਨੇ ਗੀਤ ਵੀ।

ਕਰਫ਼ੀਊ ਕੈਸਾ ਮਨਾਂ 'ਤੇ ਬਹਿ ਗਿਆ,
ਡਰਦਿਆਂ ਬਾਹਰ ਨਾ ਨਿਕਲੇ ’ਵਾਜ਼ ਵੀ।

●

❑

ਹਾਦਸਿਆਂ ਦੀ ਦੁਨੀਆਂ ਅੰਦਰ ਅਜਬ ਹਾਦਸਾ ਵਾਪਰਿਆ।
ਬੰਦ ਬਾਰੀਆਂ, ਬੂਹੇ, ਫਿਰ ਵੀ, ਮੇਰੇ ਘਰ ਉਹ ਪਹੁੰਚ ਗਿਆ।

ਸੂਰਜ ਛੁਪਿਆ ਹੀ ਸੀ ਬੁੱਢੇ ਰੁੱਖ ਤੋਂ ਪੰਛੀ ਬੋਲ ਪਿਆ,
ਬਸ ਫਿਰ ਕੀ ਸੀ ਸ਼ਾਮ ਉਦਾਸੀ ਨੇ ਮੈਨੂੰ ਆ ਘੇਰ ਲਿਆ।

ਉਸ ਦਿਨ ਪਿੱਛੋਂ ਸੇਕ ਅੱਗ ਦਾ ਮੇਰਾ ਪਿੰਡਾ ਸਾੜ ਰਿਹਾ,
ਜਿਸ ਦਿਨ ਦਾ ਮੈਂ ਅੱਗ ਵਿਚ ਸੜਦਾ ਸੁਰਖ਼ ਗੁਲਾਬ ਹੈ ਵੇਖ ਲਿਆ।

ਚਿਹਰੇ ਤੇ ਬੇਰੌਣਕੀ ਜੰਮੀ ਉਦਰੇਵੇਂ ਦਾ ਲੇਪ ਜਿਹਾ,
ਜਿਸ ਦਿਨ ਦਾ ਇਕ ਫ਼ੁਲਦਾਨ ਹੈ ਮੇਰੇ ਹੱਥੋਂ ਤਿੜਕ ਗਿਆ।

ਰੁੱਖਾਂ ਵਾਂਗ ਮਨੁੱਖਾਂ ਨੂੰ ਕੀਹ ਵਾਢ ਧਰੀ ਹੈ ਸਮਿਆਂ ਨੇ,
ਮੈਨੂੰ ਜਾਪੇ ਗੋਡਿਆਂ ਕੋਲੋਂ ਮੈਨੂੰ ਕਿਸੇ ਨੇ ਛਾਂਗ ਲਿਆ।
●

❏

ਪਿੰਡ ਗਏ ਨੂੰ ਘੂਰਦੀਆਂ ਨੇ ਧੂੜਾਂ ਅੱਟੀਆਂ ਰਾਹਵਾਂ।
ਵਾਂਗ ਬੇਗਾਨੇ ਝਾਕਦੀਆਂ ਨੇ ਕੰਧਾਂ, ਧੁੱਪਾਂ, ਛਾਵਾਂ।

ਅਮਰ-ਵੇਲ ਨੇ ਘੇਰ ਲਿਆ ਹੈ ਵਾਂਗ ਦਰਖ਼ਤਾਂ ਮੈਨੂੰ,
ਸਾਹ ਤੇ ਸੋਚ ਜਕੜ ਲਈ ਜਾਪੇ ਕੱਸੀਆਂ ਲੱਤਾਂ ਬਾਹਵਾਂ।

ਇਸ ਰੁੱਤੇ ਜੇ ਪੌਣ ਉਦਾਸੀ ਨਾ ਕਰ ਸ਼ਿਕਵਾ ਕੋਈ,
ਹੌਕੇ ਭਰ ਵਿਰਲਾਪ ਕਰਦੀਆਂ ਸਭ ਰੁੱਖਾਂ ਦੀਆਂ ਛਾਵਾਂ।

ਸੁਪਨ-ਸਿਰਜਣਾ ਕਰਾਂ ਮੈਂ ਕਿੱਥੇ ਆਲ਼-ਦੁਆਲ਼ੇ ਤਾਰਾਂ,
ਬੇਆਬਾਦ ਘਰਾਂ 'ਚੋਂ ਕਿਸਦੀ ਕੁੰਡੀ ਜਾ ਖੜਕਾਵਾਂ।

ਨਾਗ ਤਾਂ ਜ਼ਹਿਰੀ ਕੱਢ ਵਰਮੀਆਂ ਬੈਠੇ ਚੌਂਕ-ਚੁਰਾਹੇ,
ਜ਼ਹਿਰ-ਪਰੁੱਚੀਆਂ ਵਗਦੀਆਂ ਏਥੇ ਤਾਂ ਹੀ ਸਰਦ ਹਵਾਵਾਂ।

●

❑

ਬੰਦ ਕਮਰੇ ਵਿਚ ਬੈਠ ਪੜ੍ਹਾਂ ਮੈਂ ਰੋਜ਼ਾਨਾ ਅਖ਼ਬਾਰਾਂ ਨੂੰ।
ਫਿਰ ਕਾਹਦੇ ਲਈ ਖ਼ਤਰਾ ਜਾਪੇ ਮੇਰੇ ਤੋਂ ਸਰਕਾਰਾਂ ਨੂੰ।

ਡਰਦਾ ਮਾਰਾ 'ਵਾਜ਼ ਨਾ ਕੱਢਾਂ ਬੂਹਾ ਖੜਕੇ ਘੜੀ ਮੁੜੀ,
ਕੰਨ ਵਲ੍ਹੇਟੀ ਸੁਣਦਾ ਹਾਂ ਮੈਂ ਯਾਰ ਦੀਆਂ ਫਿਟਕਾਰਾਂ ਨੂੰ।

ਵਿਰਲਾਂ ਥਾਣੀ ਬਲ਼ਦਾ ਸੂਰਜ ਜਦ ਚਾਨਣ ਜਾਂ ਸੇਕ ਦਏ,
ਨਿੱਘ ਦੀ ਖ਼ਾਤਰ ਜੀਅ ਕਰਦਾ ਏ ਡੇਗ ਦਿਆਂ ਦੀਵਾਰਾਂ ਨੂੰ।

ਅਪਣਾ ਆਪ ਲੁਕਾ ਕੇ ਭਾਵੇਂ ਪਿੰਜਰੇ ਦੇ ਵਿਚ ਵਾਸ ਕਰਾਂ,
ਉੱਡਣ ਦੀ ਸਿਖਲਾਈ ਦੇਵਾਂ ਪਰ-ਕਟਿਆਂ ਦੀਆਂ ਡਾਰਾਂ ਨੂੰ।

ਸ਼ਹਿਰ ਵੜਦਿਆਂ ਲੈਣ ਤਲਾਸ਼ੀ ਹਾਕਮ ਦੇ ਕਾਰਿੰਦੇ ਹੁਣ,
ਕਾਗ਼ਜ਼, ਕਲਮ, ਦਵਾਤ ਲੁਕਾ ਲਾਂ ਖ਼ਤਰਨਾਕ ਹਥਿਆਰਾਂ ਨੂੰ।

ਮੀਲਾਂ ਤੀਕ ਉਦਾਸੀ ਦਾ ਥਲ ਮਾਰੂ ਅੱਗ ਵਰ੍ਹਾਏਗਾ,
ਆਪੋ ਆਪਣੇ ਘਰਾਂ 'ਚੋਂ ਰੋਕੋ ਅਗਨੀ ਦੇ ਵਿਸਥਾਰਾਂ ਨੂੰ।
●

❑

ਗੋਲੀਆਂ ਵਿੰਨ੍ਹੇ ਜਿਸਮ ਕੂਕਦੇ ਸੜਕਾਂ ਦਾ ਇਤਿਹਾਸ ਲਿਖੋ।
ਵਰਕਾ ਵਰਕਾ ਜੋੜ ਜੋੜ ਕੇ ਜ਼ਖ਼ਮਾਂ ਦਾ ਇਤਿਹਾਸ ਲਿਖੋ।

ਬਾਗ਼-ਬਗੀਚੇ ਅੱਗ ਦੀ ਭੇਟਾ, ਬਿਰਖ ਚਿਤਾਵਾਂ ਵਿਚ ਸੜੇ,
ਗ਼ਰਮ ਰਾਖ਼ ਦਾ ਹਿੱਸਾ ਬਣੀਆਂ ਲਗਰਾਂ ਦਾ ਇਤਿਹਾਸ ਲਿਖੋ।

ਇਹ ਕੈਸੀ ਬਰਸਾਤ ਛਾਨਣੀ ਧਰਤੀ ਮਾਂ ਦਾ ਸੀਨਾ ਹੈ,
ਕੋਰੇ ਸਫ਼ੇ ਉਡੀਕ ਰਹੇ ਨੇ ਜ਼ੁਲਮਾਂ ਦਾ ਇਤਿਹਾਸ ਲਿਖੋ।

ਤਣੇ ਹੋਏ ਮੁੱਕੇ ਨੂੰ ਆਖੋ ਹੋਸ਼ ਨਾਲ ਸਮਤੋਲ ਕਰੇ,
ਸੰਗਰਾਮੀ ਦੀ ਚਾਲ ਤੁਰਦਿਆਂ ਕਦਮਾਂ ਦਾ ਇਤਿਹਾਸ ਲਿਖੋ।

ਅੱਜ ਦੀ ਰਾਤ ਭਿਆਨਕ ਕਾਲ਼ੀ ਅੱਗੇ ਨਾਲੋਂ ਵਧ ਕੇ ਹੈ,
ਚੁੱਪ-ਚੁਪੀਤੇ ਘਰ ਨਾ ਬੈਠੋ ਫ਼ਰਜ਼ਾਂ ਦਾ ਇਤਿਹਾਸ ਲਿਖੋ।

ਕਲਮ ਬੁਰਸ਼ ਤੇ ਸਾਜ਼ ਵਾਲ਼ਿਓ ਇਸ ਮੌਸਮ ਦਾ ਫ਼ਿਕਰ ਕਰੋ,
'ਸੱਚ ਕੀ ਬੇਲਾ' ਹੱਕ ਨਿਤਾਰੋ ਕੰਧਾਂ ਦਾ ਇਤਿਹਾਸ ਲਿਖੋ।

●